
People's Herald

People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 04 ਨਵੰਬਰ 2025 ਮੰਗਲਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸੈਨੇਟ ਮਸਲਾ: ਅਦਾਲਤ ਦਾ ਦਰਵਾਜ਼ਾ ਖੜਕਾਏਗੀ ਪੰਜਾਬ ਸਰਕਾਰ

### ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਸਾਹਮਣੇ ਆਇਆ: ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਭੰਗ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨੋਟੀਫਿਕੇਸ਼ਨ ਨਾਲ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਮੁੜ ਤੋਂ ਸਾਹਮਣੇ ਆ ਗਿਆ ਹੈ।

ਸ੍ਰੀ ਮਾਨ ਨੇ ਪੰਜਾਬ ਅਤੇ ਦੇਸ਼ ਵਾਸੀਆਂ ਦੇ ਨਾਮ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰ ਕੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਗੈਰ-ਸੰਵਿਧਾਨਕ ਹੈ, ਜਿਸ ਵਿਰੁੱਧ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਪੰਜਾਬ ਸਰਕਾਰ ਇਸ ਮਾਮਲੇ ਸਬੰਧੀ ਕਾਨੂੰਨੀ ਮਾਹਿਰਾਂ ਨਾਲ ਚਰਚਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਲੋਕ ਸਭਾ ਅਤੇ ਕਿਸੇ ਵੀ ਸੂਬੇ ਦੀ ਵਿਧਾਨ ਸਭਾ ਵੱਲੋਂ ਬਣਾਏ ਗਏ ਐਕਟ ਨੂੰ ਇੱਕ ਨੋਟੀਫਿਕੇਸ਼ਨ ਰਾਹੀਂ ਰੱਦ ਨਹੀਂ ਕੀਤਾ ਜਾ ਸਕਦਾ, ਪਰ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿੱਚ ਅਜਿਹੀ ਧੱਕੇਸ਼ਾਹੀ ਕੀਤੀ ਹੈ। ਭਾਜਪਾ ਨੇ ਪਹਿਲਾਂ ਵੀ ਪੰਜਾਬ ਯੂਨੀਵਰਸਿਟੀ 'ਤੇ ਆਪਣੇ ਅਧਿਕਾਰ ਵਧਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਹਰਿਆਣਾ ਆਪਣਾ ਹੱਕ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਦੋ ਮੀਟਿੰਗ ਹੋਈਆਂ ਸਨ, ਜਿਸ ਵਿੱਚ ਦੋਹਾਂ ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ ਤੇ ਅਧਿਕਾਰੀ ਸ਼ਾਮਲ ਹੁੰਦੇ ਸਨ। ਮੀਟਿੰਗ ਵਿੱਚ ਭਾਜਪਾ ਦੀ ਅਗਵਾਈ ਹੇਠਲੀ ਡਬਲ ਇੰਜਣ ਸਰਕਾਰ ਵੱਲੋਂ ਪੰਚਕੂਲਾ, ਯਮੁਨਾਨਗਰ ਤੇ ਅੰਬਾਲਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਅਧੀਨ ਲਿਆਉਣ ਦੀ ਮੰਗ ਕੀਤੀ ਗਈ ਸੀ। ਇਸ ਦਾ ਪੰਜਾਬ ਨੇ ਵਿਰੋਧ ਕੀਤਾ ਸੀ ਕਿਉਂਕਿ ਹਰਿਆਣਾ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਬਣਾਉਣ ਤੋਂ ਬਾਅਦ ਆਪਣੇ ਸਾਰੇ ਕਾਲਜ ਪੀ ਯੂ ਦੀ ਅਧੀਨਤਾ ਤੋਂ ਬਾਹਰ ਲੈ ਆਉਂਦੇ ਸਨ, ਜਦੋਂ ਕਿ ਪੰਜਾਬ ਦੇ 170 ਕਾਲਜ ਪੰਜਾਬ ਯੂਨੀਵਰਸਿਟੀ ਅਧੀਨ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦਾ ਮਕਸਦ ਕਾਲਜਾਂ ਨੂੰ ਯੂਨੀਵਰਸਿਟੀ ਨਾਲ ਜੋੜਨਾ ਨਹੀਂ ਸੀ, ਬਲਕਿ ਹਰਿਆਣਾ ਦੇ ਆਪਣੇ ਬੰਦਿਆਂ ਨੂੰ ਸੈਨੇਟ ਮੈਂਬਰ ਬਣਾਉਣਾ ਸੀ ਪਰ ਪੰਜਾਬ ਨੇ ਅਜਿਹਾ ਨਹੀਂ ਹੋਣ ਦਿੱਤਾ ਸੀ।

#### ਭਾਜਪਾ ਦੇ ਦਿਲ ਵਿੱਚ ਪੰਜਾਬ ਪ੍ਰਤੀ ਨਫ਼ਰਤ ਭਰੀ ਹੋਣ ਦਾ ਦਾਅਵਾ

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਦੇ ਦਿਲ ਵਿੱਚ ਪੰਜਾਬ ਪ੍ਰਤੀ ਨਫ਼ਰਤ ਭਰੀ ਹੋਈ ਹੈ, ਜਿਸ



ਕਰ ਕੇ ਕੇਂਦਰ ਸਰਕਾਰ ਨੇ ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਮੌਕੇ ਪੰਜਾਬੀਆਂ ਨੂੰ ਤੋਹਫ਼ਾ ਦਿੱਤਾ ਹੈ। ਕੇਂਦਰ ਸਰਕਾਰ ਨੇ ਪਹਿਲਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੁੱਦੇ 'ਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਇਆ ਤੇ ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਵੀ ਪੰਜਾਬ ਦੇ ਅਧਿਕਾਰਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪੰਜਾਬ ਯੂਨੀਵਰਸਿਟੀ 'ਚ ਕੁੜੀਆਂ ਦਾ ਹੋਸਟਲ ਬਣਾਉਣ ਲਈ ਵਿਸ਼ੇਸ਼ ਗਰਾਂਟ ਜਾਰੀ ਕੀਤੀ ਗਈ ਹੈ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਡੱਟ ਕੇ ਵਿਰੋਧ ਕਰੇਗੀ।

## ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਇੱਥੇ ਆਈਸੀਸੀ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਭਾਰਤੀ ਮਹਿਲਾ ਟੀਮ ਦੀ ਵਿਸ਼ਵ ਕੱਪ ਵਿਚ ਇਹ ਪਹਿਲੀ ਖਿਤਾਬੀ ਜਿੱਤ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ 'ਤੇ 298 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿਚ ਦੱਖਣੀ ਅਫਰੀਕਾ ਦੀ ਪੂਰੀ ਟੀਮ 45.3 ਓਵਰਾਂ ਵਿਚ 246 ਦੌੜਾਂ 'ਤੇ ਆਊਟ ਹੋ ਗਈ। ਭਾਰਤ ਵਲੋਂ ਦੀਪਤੀ ਸ਼ਰਮਾ ਨੇ ਬਿਹਤਰੀਨ ਗੇਂਦਬਾਜ਼ੀ ਕੀਤੀ ਤੇ ਪੰਜ ਵਿਕਟਾਂ ਲਈਆਂ। ਇਸ ਤੋਂ ਇਲਾਵਾ ਸ਼ੈਫਾਲੀ ਵਰਮਾ ਨੇ ਵੀ ਅਹਿਮ ਵਿਕਟਾਂ ਹਾਸਲ ਕੀਤੀਆਂ। ਇਨ੍ਹਾਂ ਦੋਵਾਂ ਖਿਡਾਰਨਾਂ ਨੇ ਸ਼ਾਨਦਾਰ




ਗੇਂਦਬਾਜ਼ੀ ਤੋਂ ਇਲਾਵਾ ਸ਼ਾਨਦਾਰ ਬੱਲੇਬਾਜ਼ੀ ਵੀ ਕੀਤੀ। ਸ਼ੈਫਾਲੀ ਵਰਮਾ 'ਪਲੇਅਰ ਆਫ ਦਿ ਫਾਈਨਲ' ਚੁਣੀ ਗਈ।

ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਫਾਈਨਲ ਮੁਕਾਬਲੇ ਵਿਚ ਪੰਜਾਹ ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ਨਾਲ 298 ਦੌੜਾਂ ਬਣਾਈਆਂ ਤੇ ਦੱਖਣੀ ਅਫਰੀਕਾ ਨੂੰ ਜਿੱਤ ਲਈ 299 ਦੌੜਾਂ ਦਾ ਟੀਚਾ ਦਿੱਤਾ।

ਭਾਰਤ ਨੇ ਸੈਮੀਫਾਈਨਲ ਵਿੱਚ ਖਿਤਾਬ ਦੀ ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਆਸਟਰੇਲੀਆ ਦੀ ਟੀਮ ਨੂੰ ਹਰਾ ਕੇ ਤੀਜੀ ਵਾਰ ਫਾਈਨਲ ਵਿੱਚ ਜਗ੍ਹਾ ਬਣਾਈ ਸੀ। ਮੀਂਹ ਕਾਰਨ ਮੈਚ ਲਗਪਗ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਇਆ ਪਰ ਓਵਰਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰ ਆਗੂਆਂ ਨੇ ਭਾਰਤੀ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਹੈ।

ਸ਼ੈਫਾਲੀ ਵਰਮਾ ਨੇ ਸਭ ਤੋਂ ਵੱਧ 87 ਦੌੜਾਂ ਬਣਾਈਆਂ। ਉਸ ਨੇ ਸਮ੍ਰਿਤੀ ਮੰਧਾਨਾ (45) ਨਾਲ ਮਿਲ ਕੇ ਪਹਿਲੀ ਵਿਕਟ ਲਈ 104 ਦੌੜਾਂ ਦੀ ਭਾਈਵਾਲੀ ਕੀਤੀ। ਕਪਤਾਨ ਹਰਮਨਪ੍ਰੀਤ ਕੌਰ (20) ਵੀ ਵੱਡਾ ਸਕੋਰ ਬਣਾਉਣ ਵਿੱਚ ਨਾਕਾਮ ਰਹੀ। ਦੀਪਤੀ ਸ਼ਰਮਾ (58) ਅਤੇ ਰਿਚਾ ਘੋਸ਼ (24 ਗੇਂਦਾਂ 'ਤੇ 34) ਨੇ ਛੇਵੀਂ ਵਿਕਟ ਲਈ 47 ਦੌੜਾਂ ਦੀ ਤੇਜ਼ ਭਾਈਵਾਲੀ ਕਰਕੇ ਭਾਰਤ ਨੂੰ ਇੱਕ ਚੁਣੌਤੀਪੂਰਨ ਸਕੋਰ ਤੱਕ ਪਹੁੰਚਾਇਆ। ਦੀਪਤੀ ਸ਼ਰਮਾ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ 20 ਵਿਕਟਾਂ ਅਤੇ 200 ਦੌੜਾਂ ਬਣਾਉਣ ਵਾਲੀ ਪਹਿਲੀ ਮਹਿਲਾ ਕ੍ਰਿਕਟਰ ਬਣ ਗਈ ਹੈ।

ਟੀਚਾ ਪੂਰਾ ਕਰਨ ਉੱਤਰੀ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਨੇ 101 ਦੌੜਾਂ ਬਣਾ ਕੇ ਟੀਮ ਨੂੰ ਖਿਤਾਬ ਦੀ ਦੌੜ ਵਿੱਚ ਬਣਾਈ ਰੱਖਿਆ ਪਰ ਦੀਪਤੀ ਸ਼ਰਮਾ ਦੀ ਗੇਂਦ 'ਤੇ ਅਮਨਜੋਤ ਕੌਰ ਨੇ ਸ਼ਾਨਦਾਰ ਕੈਚ ਫੜ ਕੇ ਉਸ ਦੀ ਪਾਰੀ ਖ਼ਤਮ ਕਰ ਦਿੱਤੀ। ਵੋਲਵਾਰਟ ਇੱਕ ਸਿਰੇ 'ਤੇ ਡਟੀ ਰਹੀ ਪਰ ਉਸ ਨੂੰ ਦੂਜੇ ਪਾਸਿਓਂ ਕਿਸੇ ਦਾ ਸਾਥ ਨਾ ਮਿਲਿਆ। ਭਾਰਤ ਲਈ ਦੀਪਤੀ ਸ਼ਰਮਾ ਨੇ ਪੰਜ, ਸ਼ੈਫਾਲੀ ਵਰਮਾ ਨੇ ਦੋ ਤੇ ਸ੍ਰੀਚਰਨੀ ਨੇ ਇੱਕ ਵਿਕਟ ਹਾਸਲ ਕੀਤੀ।

## ਫ਼ਰਜ਼ੀ ਇੰਨਕਾਊਟਰ ਜਿਸ ਦਾ 32ਸਾਲਾ ਬਾਅਦ ਤਰਨਤਾਰਨ ਦੇ ਪਰਵਾਰ ਨੂੰ ਇਨਸਾਫ਼ ਮਿਲਿਆ

### '84 ਦਾ ਇਨਸਾਫ਼ ਵੀ ਨਾ ਮਿਲਣਾ ਬਾਦਲ ਸਰਕਾਰ ਦੀ ਦੇਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਤਰਨਤਾਰਨ : ਪੰਜਾਬ ਪੁਲਿਸ ਵਲੋ 1992 ਵਿਚ ਇਕ ਅਪਣੇ ਹੀ ਕਾਂਸਟੇਬਲ ਜਗਦੀਪ ਸਿੰਘ ਮੱਖਣ ਦਾ ਫ਼ਰਜ਼ੀ ਇੰਨਕਾਊਟਰ ਕੀਤਾ ਗਿਆ। ਜਿਸ ਦਾ 32ਸਾਲਾ ਬਾਅਦ ਤਰਨਤਾਰਨ ਦੇ ਪਰਵਾਰ ਨੂੰ ਇਨਸਾਫ਼ ਮਿਲਿਆ। ਪੀੜਤ ਪਰਵਾਰ ਦੇ ਸੁਖਦੀਪ ਸਿੰਘ ਰਿਟਾਇਰਡ ਐਸ.ਡੀ.ਓ. ਨੇ ਦਸਿਆ ਕਿ ਪੁਲਿਸ ਨੇ ਅਪਣੇ ਹੀ ਵੱਡੇ ਅਧਿਕਾਰੀਆਂ ਨੂੰ ਖ਼ੁਸ਼ ਕਰਨ ਅਤੇ ਇਨਾਮ ਹਾਸਲ ਕਰਨ ਲਈ ਕਈ ਫ਼ਰਜ਼ੀ ਮੁਕਾਬਲੇ ਕੀਤੇ ਸਨ।

ਇਸ ਦੇ ਨਾਲ ਹੀ ਉਨ੍ਹਾਂ ਇਨਸਾਫ਼ ਮਿਲਣ ਕਾਰਨ ਅਪਣਾ ਦਰਦ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ '84 ਦਾ ਇਨਸਾਫ਼ ਵੀ ਨਾ ਮਿਲਣਾ ਬਾਦਲ ਸਰਕਾਰ ਦੀ ਦੇਣ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਫ਼ਖ਼ਰ ਵਾਲਾ ਕਿ ਕੰਮ ਕੀਤਾ ਹੈ, ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 'ਫ਼ਖ਼ਰ-ਏ-ਕੌਮ'



ਵਾਪਸ ਕਰ ਦੇਣਾ ਚਾਹੀਦਾ ਹੈ।

## ਸੁਪਰੀਮ ਕੋਰਟ ਨੇ ਆਨਲਾਈਨ ਸੱਟੇਬਾਜ਼ੀ ਪਲੇਟਫਾਰਮਾਂ ਸਬੰਧੀ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਸੁਪਰੀਮ ਕੋਰਟ ਨੇ ਅੱਜ ਆਨਲਾਈਨ ਜੂਏ ਤੇ ਸੱਟੇਬਾਜ਼ੀ ਪਲੇਟਫਾਰਮਾਂ 'ਤੇ ਪਾਬੰਦੀ ਲਾਉਣ ਦੀ ਪਟੀਸ਼ਨ 'ਤੇ ਸੁਣਵਾਈ ਕੀਤੀ ਤੇ ਇਸ ਸਬੰਧੀ ਕੇਂਦਰ ਤੋਂ ਜਵਾਬ ਮੰਗਿਆ ਮੰਗਿਆ ਹੈ। ਇਸ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਤੋਂ ਮੰਗ ਕੀਤੀ ਗਈ ਸੀ ਕਿ ਉਹ ਸਰਕਾਰ ਨੂੰ ਸਮਾਜਿਕ ਅਤੇ ਈ-ਸਪੋਰਟਸ ਗੇਮਾਂ ਦੀ ਆੜ ਵਿੱਚ ਆਨਲਾਈਨ ਜੂਏ ਅਤੇ ਸੱਟੇਬਾਜ਼ੀ ਕਰਵਾਉਣ



ਵਾਲੇ ਪਲੇਟਫਾਰਮਾਂ 'ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਦੇਣ।

ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਪਟੀਸ਼ਨਕਰਤਾ ਦੇ ਵਕੀਲ ਵਿਰਾਗ ਗੁਪਤਾ ਦੀਆਂ ਦਲੀਲਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਹ ਭਲਕੇ ਮੰਗਲਵਾਰ ਨੂੰ ਇਸ ਸਬੰਧੀ ਹੋਰ ਲੰਬਿਤ ਪਟੀਸ਼ਨਾਂ ਦੇ ਨਾਲ ਇਸ ਪਟੀਸ਼ਨ 'ਤੇ ਸੁਣਵਾਈ ਕਰਨਗੇ। ਬੈਂਚ ਨੇ ਸਰਕਾਰ ਨੂੰ ਪਟੀਸ਼ਨਕਰਤਾ ਵਲੋਂ ਦਿੱਤੇ ਗਏ ਆਨਲਾਈਨ ਗੇਮਿੰਗ ਐਪਸ ਬਾਰੇ ਵੇਰਵਿਆਂ 'ਤੇ ਕਾਰਵਾਈ ਕਰਨ ਲਈ ਕਿਹਾ। ਇਸ ਦੌਰਾਨ ਪਟੀਸ਼ਨ ਪਾਉਣ ਵਾਲਿਆਂ ਦੇ ਵਕੀਲ ਨੇ 2,000 ਸੱਟੇਬਾਜ਼ੀ ਅਤੇ ਜੂਏਬਾਜ਼ੀ ਐਪਸ ਦੇ ਵੇਰਵੇ ਸਾਂਝੇ ਕੀਤੇ।

ਸਿਖਰਲੀ ਅਦਾਲਤ ਸੈਂਟਰ ਫਾਰ ਅਕਾਊਂਟੇਬਿਲਿਟੀ ਐਂਡ ਸਿਸਟੇਮਿਕ ਚੇਂਜ ਅਤੇ ਸ਼ੌਰਿਆ ਤਿਵਾੜੀ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਸਰਕਾਰ ਨੂੰ ਸੱਟੇਬਾਜ਼ੀ ਅਤੇ ਜੂਏਬਾਜ਼ੀ ਐਪਲੀਕੇਸ਼ਨਾਂ ਦੇ ਪ੍ਰਸਾਰ 'ਤੇ ਰੋਕ ਲਗਾਉਣ ਦੇ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਸੀ। ਪਟੀਸ਼ਨਕਰਤਾਵਾਂ ਨੇ ਦਾਅਵਾ ਕੀਤਾ ਹੈ ਕਿ ਇਹ ਐਪਸ ਦੇਸ਼ ਭਰ ਵਿੱਚ ਸਮਾਜਿਕ ਅਤੇ ਆਰਥਿਕ ਨੁਕਸਾਨ ਪਹੁੰਚਾ ਰਹੀਆਂ ਹਨ।

# ਨਾਬਾਲਗ ਲੜਕੀ ਲਾਪਤਾ ਮਾਮਲੇ 'ਚ ਪੰਜਾਬ ਪੁਲਿਸ ਨੇ ਵਰਤੀ ਲਾਪਰਵਾਹੀ, ਅਦਾਲਤ ਵਲੋਂ 4 ਅਫ਼ਸਰਾਂ ਦੀ ਤਨਖਾਹ ਅਟੈਚ ਕਰਨ ਦੇ ਹੁਕਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਲੁਧਿਆਣਾ ਪੁਲਿਸ ਦੇ ਅਧਿਕਾਰੀ ਇੱਕ ਨਾਬਾਲਗ ਲੜਕੀ ਦੇ ਘਰੋਂ ਗਾਇਬ ਹੋਣ ਤੋਂ ਬਾਅਦ ਉਸਨੂੰ ਲੱਭਣ ਵਿੱਚ ਅਸਫਲ ਰਹੇ ਅਤੇ ਨਾ ਹੀ ਉਨ੍ਹਾਂ ਨੇ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਕੀਤੀ। ਇਸ ਤੋਂ ਇਲਾਵਾ, ਉਹ ਕੇਸ ਵਿੱਚ ਲਾਪਰਵਾਹੀ ਵਰਤ ਰਹੇ ਸਨ।ਅਜਿਹਾ ਕਰਨਾ ਉਨ੍ਹਾਂ ਨੂੰ ਮਹਿੰਗਾ ਪਿਆ। ਅਦਾਲਤ ਨੇ ਲਾਪਰਵਾਹੀ ਲਈ ਚਾਰ ਪੁਲਿਸ ਅਧਿਕਾਰੀਆਂ ਦੀਆਂ ਤਨਖਾਹਾਂ ਅਟੈਚ ਕਰਨ ਦੇ ਹੁਕਮ ਦਿੱਤੇ ਹਨ।

ਐਡਵੋਕੇਟ ਰਾਹੁਲ ਨੇ ਮਾਪਿਆਂ ਵੱਲੋਂ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਆਈਓ, ਐਸਐਚਓ ਟਿੱਬਾ, ਐਸਐਚਓ ਸਾਈਬਰ ਸੈੱਲ ਅਤੇ ਏਸੀਪੀ ਲੁਧਿਆਣਾ ਪੂਰਬੀ ਦੀ ਮਾਸਿਕ ਤਨਖਾਹ ਦਾ ਇੱਕ ਤਿਹਾਈ ਹਿੱਸਾ ਅਟੈਚ ਕਰ ਦਿੱਤਾ ਗਿਆ ਹੈ। ਅਦਾਲਤ ਨੇ ਪੁਲਿਸ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਕਿ ਮਾਮਲੇ ਦੀ ਜਾਂਚ ਇੱਕ ਸਮਰੱਥ ਅਧਿਕਾਰੀ ਤੋਂ ਕਰਵਾਈ ਜਾਵੇ ਅਤੇ ਪੂਰੇ ਮਾਮਲੇ ਦੀ ਨਿੱਜੀ ਤੌਰ 'ਤੇ ਨਿਗਰਾਨੀ ਕੀਤੀ ਜਾਵੇ।

ਵਕੀਲ ਨੇ ਦੱਸਿਆ ਕਿ ਅਧਿਕਾਰੀਆਂ ਨੇ ਅਦਾਲਤ ਨੂੰ ਸਹੀ ਢੰਗ ਨਾਲ ਜਵਾਬ ਨਹੀਂ ਦਿੱਤਾ, ਜਿਸ ਕਾਰਨ ਅਦਾਲਤ ਨੇ ਇਹ ਹੁਕਮ



ਜਾਰੀ ਕੀਤਾ ਹੈ। ਅਦਾਲਤ ਨੇ ਹੁਣ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਅਗਲੀ ਤਰੀਕ, 6 ਨਵੰਬਰ ਤੋਂ ਪਹਿਲਾਂ ਆਪਣੇ ਤੌਰ 'ਤੇ ਵਿਸਤ੍ਰਿਤ ਰਿਪੋਰਟਾਂ ਜਮ੍ਹਾਂ ਕਰਾਉਣ

# ₹60,000 ਦੀ ਰਿਸ਼ਵਤ ਲੈਂਦੇ 3 ਬਿਜਲੀ ਮੁਲਾਜ਼ਮ ਗ੍ਰਿਫਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਲੁਧਿਆਣਾ ਦੇ ਸਲੇਮ ਟਾਬਰੀ ਪੁਲਿਸ ਸਟੇਸ਼ਨ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦੇ ਤਿੰਨ ਆਊਟਸੋਰਸ ਕਰਮਚਾਰੀਆਂ ਨੂੰ ਗੈਰ-ਕਾਨੂੰਨੀ ਬਿਜਲੀ ਕੁਨੈਕਸ਼ਨ ਦੇਣ ਲਈ ₹60,000 ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਮੁਲਾਜ਼ਮਾਂ ਵਿੱਚ ਦੋ ਪ੍ਰਾਈਵੇਟ ਲਾਈਨਮੈਨ ਵੀ ਸ਼ਾਮਲ ਹਨ। ਪੁਲਿਸ ਮੁਲਜ਼ਮਾਂ ਦੀ ਪਛਾਣ ਅਤੇ ਉਨ੍ਹਾਂ ਵੱਲੋਂ ਕਥਿਤ ਤੌਰ 'ਤੇ ਰਿਸ਼ਵਤ ਦਿੱਤੇ ਗਏ ਲੋਕਾਂ ਦੀ ਗਿਣਤੀ ਦੀ ਜਾਂਚ ਕਰ ਰਹੀ ਹੈ। ਮੁਲਜ਼ਮਾਂ ਦੀ ਪਛਾਣ ਪ੍ਰਾਈਵੇਟ ਲਾਈਨਮੈਨ ਸੰਦੀਪ ਕੁਮਾਰ ਅਤੇ ਗੁਰਵਿੰਦਰ ਸਿੰਘ ਅਤੇ ਠੇਕਾ ਕਰਮਚਾਰੀ ਸੰਜੀਵ ਬੱਸੀ ਵਜੋਂ ਹੋਈ ਹੈ।

ਉਨ੍ਹਾਂ 'ਤੇ ਗੁਰਨਾਮ ਨਗਰ ਵਿੱਚ ਇੱਕ ਵਰਕਸ਼ਾਪ ਦੇ ਨੇੜੇ ਇੱਕ ਹਾਈ-ਟੈਂਸ਼ਨ 11 ਕੇਵੀ ਫੀਡਰ ਲਾਈਨ ਨੂੰ ਗੈਰ-ਕਾਨੂੰਨੀ ਬਿਜਲੀ ਕੁਨੈਕਸ਼ਨ ਦੀ ਸਹੂਲਤ ਲਈ ਬਿਨਾਂ ਇਜਾਜ਼ਤ ਤੋਂ ਤਬਦੀਲ ਕਰਨ ਦਾ ਦੋਸ਼ ਹੈ। ਪੁਲਿਸ ਦੇ ਅਨੁਸਾਰ, ਤਿੰਨਾਂ ਨੇ ਲਾਈਨ ਵਿੱਚ ਹੇਰਾਫੇਰੀ ਕਰਨ ਲਈ ₹60,000 ਦੀ ਰਿਸ਼ਵਤ ਲਈ, ਇੱਕ ਦੁਕਾਨ ਨੂੰ ਬਿਜਲੀ ਕੁਨੈਕਸ਼ਨ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਜਿਸ ਨੂੰ ਪਹਿਲਾਂ ਵਿਭਾਗ ਨੇ ਇਨਕਾਰ ਕਰ ਦਿੱਤਾ ਸੀ।

ਜਾਂਚ ਅਧਿਕਾਰੀ ਮਨੋਜ ਕੁਮਾਰ ਨੇ ਦੱਸਿਆ ਕਿ



ਬਿਜਲੀ ਵਿਭਾਗ ਦੇ ਉਪ ਮੰਡਲ ਅਧਿਕਾਰੀ ਸ਼ਿਵ ਕੁਮਾਰ ਦੀ ਸ਼ਿਕਾਇਤ 'ਤੇ ਮੁਲਜ਼ਮਾਂ ਖ਼ਿਲਾਫ਼ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 316(5), 318(2) ਅਤੇ 61(2) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਭਿਆਨਕ ਸੜਕ ਹਾਦਸਾ, 50 ਲੋਕਾਂ ਉਤੇ ਚੜ੍ਹਿਆ ਟਰੱਕ, 14 ਦੀ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਨਵੰਬਰ 3, 2025

ਅੱਜ ਰਾਜਸਥਾਨ ਵਿਚ ਭਿਆਨਕ ਸੜਕ ਹਾਦਸਾ ਵਾਪਰਿਆ ਹੈ ਜਿਸ ਵਿਚ 14 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਜੈਪੁਰ ਵਿੱਚ ਇਕ ਬੇਕਾਬੂ ਡੰਪਰ ਨੇ 10 ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਇਸ ਘਟਨਾ ਵਿੱਚ 14 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਬੇਕਾਬੂ ਡੰਪਰ ਨੇ ਘੱਟ ਤੋਂ ਘੱਟ 50 ਲੋਕਾਂ ਨੂੰ ਕੁਚਲ ਦਿੱਤਾ ਹੈ। ਅਜਿਹੇ ਵਿਚ ਮੌਤਾਂ ਦਾ ਅੰਕੜਾ ਹੋਰ ਵੱਧ ਸਕਦੀ ਹੈ।

ਮਿਲੀ ਜਾਣਕਾਰੀ ਮੁਤਾਬਕ ਕਾਰ ਨੂੰ ਟੱਕਰ ਮਾਰਨ ਤੋਂ ਬਾਅਦ ਬੇਕਾਬੂ ਡੰਪਰ ਨੇ ਪਲਟ ਗਿਆ। ਇਸ ਦੌਰਾਨ ਕੁਝ ਲੋਕਾਂ ਦੇ ਦਬੇ ਹੋਣ ਦੀ ਸੂਚਨਾ ਮਿਲ ਰਹੀ ਹੈ। ਘਟਨਾ ਹਰਮਾੜਾ ਥਾਣਾ ਖੇਤਰ ਦੇ ਲੋਹਾਮੰਡੀ ਰੋਡ ਉਤੇ ਵਾਪਰੀ। ਸੂਚਨਾ ਮਿਲਦੇ ਹੀ ਪੁਲਿਸ ਦੇ ਉਚ ਅਧਿਕਾਰੀ ਮੌਕੇ ਉਤੇ ਪਹੁੰਚ ਗਏ ਅਤੇ ਮੁੱਖ ਮਾਰਗ ਦੀ ਆਵਾਜਾਈ ਹੋਰ ਰਸਤੇ ਕੀਤੀ ਗਈ।

ਡੰਪਰ ਨੇ 10 ਵਾਹਨਾਂ ਨੂੰ ਟੱਕਰ ਮਾਰੀ। ਇਨ੍ਹਾਂ 10 ਵਾਹਨਾਂ ਵਿੱਚ ਕਾਰ ਅਤੇ ਬਾਈਕ ਦੋਵੇਂ ਸ਼ਾਮਲ ਹਨ। ਜ਼ਖਮੀਆਂ ਨੂੰ ਐਸਐਮਐਸ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

# ਭਾਰਤ ਵਿੱਚ ਸਭ ਤੋਂ ਵੱਧ ਤਨਖਾਹ ਲੈਣ ਵਾਲੀਆਂ ਮਹਿਲਾ ਕ੍ਰਿਕਟਰਾਂ ਵਿੱਚੋਂ ਇੱਕ Harmanpreet Kaur

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਦਾ ਨਾਮ ਇੱਕ ਮਾਹਿਰ ਬੱਲੇਬਾਜ਼ ਵਜੋਂ ਜਾਣਿਆ ਜਾਂਦਾ ਹੈ ਅਤੇ ਭਾਰਤੀ ਟੀਮ ਦੇ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਪੰਜਾਬ ਦੇ ਮੋਗਾ ਦੀ ਰਹਿਣ ਵਾਲੀ ਖਿਡਾਰਨ ਹੁਣ ਹੋਰ ਵੀ ਵੱਧ ਚਰਚਾ ਵਿੱਚ ਆ ਗਈ ਹੈ। ਕੀ ਤੁਸੀਂ ਜਾਣਦੇ ਹੋ ਭਾਰਤੀ ਕਪਤਾਨ ਹਰਮਨਪ੍ਰੀਤ ਬੀਸੀਸੀਆਈ ਤੋਂ ਕਿੰਨੀ ਤਨਖਾਹ ਲੈਂਦੀ ਹੈ, ਖਾਸ ਗੱਲ ਹੈ ਕਿ ਹੁਣ ਉਨ੍ਹਾਂ ਦੀ ਤਨਖਾਹ ਹੋਰ ਵਧਣ ਦੀ ਉਮੀਦ ਹੈ।

ਇਸਦਾ ਮੁੱਖ ਕਾਰਨ BCCI ਦੀ ਨਵੀਂ ਨੀਤੀ ਹੈ, ਜੋ ਮਰਦਾਂ ਅਤੇ ਔਰਤਾਂ ਦੋਵਾਂ ਖਿਡਾਰੀਆਂ ਲਈ ਤਨਖਾਹ ਦੀ ਬਰਾਬਰੀ (pay equality) ਨੂੰ ਮਾਨਤਾ ਦਿੰਦੀ ਹੈ। ਇਸ ਨੀਤੀ ਕਾਰਨ ਹਰਮਨਪ੍ਰੀਤ ਦੀ ਖੇਡਣ ਦੀ ਫੀਸ ਦੇ ਨਾਲ-ਨਾਲ BCCI ਨਾਲ ਉਨ੍ਹਾਂ ਦੀ ਰਿਟੇਨਰਸ਼ਿਪ ਵੀ ਵਧੇਗੀ।

ਹਰਮਨਪ੍ਰੀਤ ਕੌਰ BCCI ਦੇ ਕੇਂਦਰੀ ਕਰਾਰ ਤਹਿਤ (Central Contract) ਦੇ ਢਾਂਚੇ ਤਹਿਤ 'ਗਰੇਡ ਏ' ਦੀ ਖਿਡਾਰਨ ਹੈ। ਇਸ ਗਰੇਡ ਤਹਿਤ ਹਰਮਨਪ੍ਰੀਤ ਨੂੰ BCCI ਤੋਂ ਸਾਲਾਨਾ 50 ਲੱਖ ਰੁਪਏ ਦਾ ਰਿਟੇਨਰ ਪ੍ਰਾਪਤ ਹੁੰਦਾ ਹੈ। ਰਿਟੇਨਰ ਇੱਕ ਨਿਸ਼ਚਿਤ ਸਾਲਾਨਾ ਰਕਮ ਹੁੰਦੀ ਹੈ, ਜੋ ਟੀਮ ਵਿੱਚ ਉਨ੍ਹਾਂ ਦੇ ਦਰਜੇ ਅਤੇ ਮਹੱਤਵ ਨੂੰ ਮਾਨਤਾ ਦਿੰਦੀ ਹੈ।

ਭਾਰਤੀ ਟੀਮ ਦੀ ਕਪਤਾਨ ਹਰਮਨਪ੍ਰੀਤ ਨੂੰ ਪ੍ਰਤੀ ਟੈਸਟ ਮੈਚ (Test match) ਪ੍ਰਤੀ ਮੈਚ ਲਗਪਗ 15 ਲੱਖ



ਰੁਪਏ, ਪ੍ਰਤੀ ਇੱਕ ਰੋਜ਼ਾ ਮੈਚ (ODI match) ਲਈ 6 ਲੱਖ ਰੁਪਏ ਅਤੇ ਪ੍ਰਤੀ ਟੀ-20 ਮੈਚ (T20I match) 3 ਲੱਖ ਰੁਪਏ ਅਦਾ ਕੀਤੇ ਜਾਂਦੇ ਹਨ।

# ਡਾ. ਅੰਬੇਡਕਰ ਲਾਈਬ੍ਰੇਰੀ ਤੇ ਸਟੱਡੀ ਸਰਕਲ ਵਲੋਂ 'ਡਾ. ਅੰਬੇਡਕਰ ਪਟਿਆਲਾ ਆਮਦ' ਵਿਸ਼ੇਸ਼ ਦਿਨ ਨੂੰ ਸਮਰਪਿਤ ਸਨਮਾਨ ਸਮਾਰੋਹ ਆਯੋਜਿਤ

## ਪ੍ਰਤੀਭਾਸ਼ਾਲੀ ਸਕੂਲੀ ਬੱਚਿਆਂ ਅਤੇ ਵਿਸ਼ੇਸ਼ ਸ਼ਖਸ਼ੀਅਤਾਂ ਦਾ ਕੀਤਾ ਵਿਸ਼ੇਸ਼ ਸਨਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com



ਪਟਿਆਲਾ ( ) ਵਿਦਿਆ ਖੇਤਰ ਵਿੱਚ ਭਲਾਈ ਕਾਰਜਾਂ ਅਤੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ—ਪ੍ਰਸਾਰ ਕਰਨ ਵਾਲੀ ਸੰਸਥਾ ਡਾ. ਅੰਬੇਡਕਰ ਲਾਇਬ੍ਰੇਰੀ ਅਤੇ ਸਟੱਡੀ ਸਰਕਲ ਵਲੋਂ ਪ੍ਰਧਾਨ ਹੇਮਰਾਜ ਭੱਟੀ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਬੈਂਸ ਐਡਵੋਕੇਟ ਦੀ ਅਗਵਾਈ ਵਿੱਚ ਲਾਹੌਰੀ ਗੇਟ ਗਾਂਧੀ ਨਗਰ ਵਿਖੇ ਸਥਿਤ ਸਰਕਾਰੀ ਹਾਈ ਸਕੂਲ ਵਿਖੇ ਡਾ. ਅੰਬੇਡਕਰ ਪਟਿਆਲਾ ਆਮਦ ਦਿਵਸ ਵਿਸ਼ੇਸ਼ ਦਿਨ ਨੂੰ ਸਮਰਪਿਤ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਵੱਖ—ਵੱਖ ਅਹਿਮ ਸ਼ਖਸ਼ੀਅਤਾਂ ਪਵਨ ਕੁਮਾਰ ਰਿਟਾ: ਸੀ.ਆਈ.ਐਸ.ਐਫ., ਦਰਸ਼ਨ ਸਿੰਘ ਪਰੇਚਾ, ਰੋਹਿਤ ਹੰਸ ਡਿਪਟੀ ਐਡਵੋਕੇਟ ਜਨਰਲ, ਵਿਨੇ ਪਰੇਚਾ ਪ੍ਰਧਾਨ ਵਾਲਮੀਕਿ ਧਰਮ ਸਭਾ, ਸ਼ਾਰਦਾ ਦੇਵੀ ਰਿਟਾ. ਡਿਪਟੀ ਰਜਿਸਟਰਾਰ ਵਲੋਂ ਸ਼ਮੂਲੀਅਤ ਕੀਤੀ ਗਈ। ਜਿਨ੍ਹਾਂ ਨੇ ਡਾ. ਅੰਬੇਡਕਰ ਦੇ ਸੰਘਰਸ਼ਮਈ ਜੀਵਨ ਅਤੇ ਸਿੱਖਿਆ ਦੀ ਮਹੱਤਤਾ ਸਬੰਧੀ ਵਿਦਿਆਰਥੀ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਉਪਰੰਤ ਸਕੂਲ ਦੇ ਬੱਚਿਆਂ ਨੇ ਡਾ. ਅੰਬੇਡਕਰ ਸਬੰਧੀ ਗੀਤਾਂ ਤੇ ਸਭਿਆਚਾਰਕ ਕੋਰੀਓਗ੍ਰਾਫੀ ਦੀਆਂ ਪੇਸ਼ਕਾਰੀਆਂ ਵੀ ਦਿੱਤੀਆਂ। ਜਿਨ੍ਹਾਂ ਦਾ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹੇਮ ਰਾਜ ਭੱਟੀ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਐਡਵੋਕੇਟ ਨੇ ਸਮਾਰੋਹ ਵਿੱਚ ਸੰਬੋਧਨ ਕਰਦਿਆਂ ਦੱਸਿਆ ਕਿ 29 ਅਕਤੂਬਰ 1951 ਪਹਿਲੀਵਾਰ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਬਾਬਾ ਸਾਹਿਬ ਚੋਣ ਸਭਾ ਨੂੰ ਸੰਬੋਧਨ ਕਰਨ ਲਈ ਪਟਿਆਲਾ ਆਰਿਆ ਸਮਾਜ ਵਿਖੇ ਆਏ ਸਨ। ਸੰਸਥਾ ਵੱਲੋਂ ਇਸ ਦਿਨ ਨੂੰ ਸਮਰਪਿਤ 50 ਸਾਲਾਂ ਤੋਂ ਸਮਾਰੋਹ ਕਰਵਾਉਂਦੇ ਆ ਰਹੇ ਹਾਂ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਨੇ ਬਹੁਗਿਣਤੀ ਵਿੱਚ ਡਿਗਰੀਆਂ ਦੀ ਪ੍ਰਾਪਤੀ ਕਰਕੇ ਇਤਿਹਾਸ ਰਚਿਆ ਸੀ। ਉਨ੍ਹਾਂ ਕਿਹਾ ਸਿੱਖਿਆ ਹੀ ਸਮਾਜ ਵਿੱਚ ਸਮਾਨਤਾ ਅਤੇ ਸ਼ਕਤੀਕਰਣ ਅਤੇ ਸਮਾਜਿਕ ਨਿਆ, ਵਿਕਾਸ ਦਾ ਸਭ ਤੋਂ ਮਜਬੂਤ ਸਾਧਨ ਹੈ। ਸਿੱਖਿਆ ਕੇਵਲ ਸਾਖਰਤਾ ਨਹੀਂ ਸਗੋਂ ਵਿਅਕਤੀ ਦੇ ਮਾਨਸਿਕ ਵਿਕਾਸ, ਆਤਮ ਵਿਸ਼ਵਾਸ਼ ਅਤੇ ਸੋਚ ਦੀ ਸਮਰਥਾ ਨੂੰ ਵਧਾਉਂਦੀ ਹੈ, ਜ਼ੋ ਜਾਤ—ਪਾਤ ਦੇ ਭੇਦਭਾਵ ਨੂੰ ਖਤਮ ਕਰ ਸਕਦੀ ਹੈ ਅਤੇ ਆਰਥਿਕ ਤੇ ਸਮਾਜਿਕ ਬਦਲਾਅ ਲਿਆ ਸਕਦੀ ਹੈ। ਇਸ ਲਈ ਸਿੱਖਿਅਤ ਹੋ ਕੇ ਹੀ ਅਸੀਂ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। ਇਸ ਮੌਕੇ ਫਕੀਰ ਚੰਦ ਚੌਹਾਨ, ਕੁਲਦੀਪ ਸਿੰਘ ਮੱਟੂ, ਸ਼ਿਵਾਜੀ ਧਾਰੀਵਾਲ, ਰਾਜੇਸ਼ਵਰ ਕੁਮਾਰ, ਸ਼ੈਲੀ, ਹਾਈ ਸਕੂਲ ਦੇ ਪ੍ਰਿੰਸੀਪਲ ਨੀਲਮ, ਸੁਖਚੈਨ ਕੌਰ, ਨਿਰੂਪਮ ਬਾਤਿਸ਼, ਪਰਮਿੰਦਰ ਸਿੰਘ, ਰਮਨਜੋਤ, ਹਰਿੰਦਰ ਕੌਰ, ਹਰਜਿੰਦਰ ਕੌਰ, ਹਰਪ੍ਰੀਤ ਸਿੰਘ, ਜ਼ਹਿਦਾ ਕੁਰੈਸ਼ੀ, ਡਿੰਪਲ, ਗੁਰਿੰਦਰ ਕੌਰ ਆਦਿ ਸ਼ਾਮਲ ਸਨ।

# ਪੰਜਾਬ ਸਰਕਾਰ ਵੱਲੋ ਜਮੀਨਾ ਵੇਚਣ ਅਤੇ ਕੇਦਰ ਸਰਕਾਰ ਦੇ ਬਿਜਲੀ ਸੋਧ ਬਿੱਲ 2025 ਖਿਲਾਫ ਸੜਕਾਂ ਤੇ ਉੱਤਰੇ ਬਿਜਲੀ ਕਾਮੇ

## ਰੋਸ ਪ੍ਰਦਰਸ਼ਨ ਉਪਰੰਤ ਮੁੱਖ ਮੰਤਰੀ ਦੇ ਨਾਂ ਤੇ ਦਿੱਤਾ ਮੈਮੋਰੰਡਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 03 ਨਵੰਬਰ INTERNATIONAL PAPER, 94636 01616 hardipchumber57@gmail.com



ਬਿਜਲੀ ਮੁਲਾਜਮ ਸੰਘਰਸ਼ਸ਼ੀਲ ਮੋਰਚੇ ਜਿਸ ਵਿੱਚ ਟੈਕਨੀਕਲ ਸਰਵਿਸ ਯੂਨੀਅਨ, ਹੈਡ ਆਫਿਸ ਜੁਆਇੰਟ ਐਕਸ਼ਨ ਕਮੇਟੀ, ਇੰਪਲਾਈਜ਼ ਸੰਘਰਸ਼ ਯੂਨੀਅਨ ਪਾਵਰਕਾਮ/ਟਰਾਂਸਕੋ, ਪੰਜਾਬ, ਗਰਿੱਡ ਸਬ ਸਟੇਸ਼ਨ ਟੈਕਨੀਕਲ ਅਤੇ ਕਲੈਰੀਕਲ ਇੰਪਲਾਈਜ਼ ਯੂਨੀਅਨ,ਪੰਜਾਬ ( ਭਾਰਦਵਾਜ), ਪੀਐਸਈਬੀ ਅਕਾਊਂਟਸ ਆਡਿਟ ਅਤੇ ਐਡਮਿਨਸ੍ਰੇਟਿਵ ਐਸ਼ੋਸੀਏਸ਼ਨ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਕਰਮਚਾਰੀ ਵੈਲਫੇਅਰ ਫੈਡਰੇਸ਼ਨ, ਭਾਰਤੀ ਮਜਦੂਰ ਸੰਘ ਅਤੇ ਪੀਟੀਐਸ ਕਰਮਚਾਰੀ ਯੂਨੀਅਨ ਸ਼ਾਮਿਲ ਹਨ ਵੱਲੋ ਅਤੇ ਇਸ ਰੋਸ ਪ੍ਰਦਰਸ਼ਨ ਦੀ ਹਮਾਇਤ ਕਰਦੇ ਹੋਏ ਕੌਂਸਲ ਆਫ ਜੂਨੀਅਰ ਇੰਜੀਨੀਅਰ ਅਤੇ ਇੰਜੀਨੀਅਰ ਐਸ਼ੋਸ਼ੀਏਸ਼ਨ ਵੱਲੋ ਅੱਜ ਸਾਂਝੇ ਤੌਰ ਤੇ ਪੰਜਾਬ ਸਰਕਾਰ ਵੱਲੋ ਬਿਜਲੀ ਵਿਭਾਗ ਦੀਆਂ ਜ਼ਮੀਨਾ ਵੇਚਣ ਅਤੇ ਕੇਦਰ ਸਰਕਾਰ ਵੱਲੋ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ 2025 ਦੇ ਖਿਲਾਫ ਪੰਜਾਬ ਦੇ ਸਮੁੱਚੇ ਸਰਕਲ ਦਫਤਰਾਂ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤੇ ਗਏ।

ਆਗੂਆਂ ਵੱਲੋ ਪੰਜਾਬ ਸਰਕਾਰ ਨੂੰ ਚਿਤਾਵਨੀ ਜਾਰੀ ਕੀਤੀ ਗਈ ਕਿ ਜੇਕਰ ਤੁਰੰਤ ਪੰਜਾਬ ਮਾਰੂ ਅਤੇ ਮੁਲਾਜ਼ਮ ਮਾਰੂ ਦੇਵੇ ਫੈਸਲੇ ਵਾਪਸ ਨਾ ਲਏ ਗਏ ਤਾਂ ਸਮੁੱਚੇ ਪੰਜਾਬ ਦੇ ਬਿਜਲੀ ਕਾਮੇ ਤਿੱਖਾ ਸੰਘਰਸ਼ ਸ਼ੁਰੂ ਕਰਨਗੇ ਜਿਸਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ/ਪਾਵਰਕਾਮ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਮੈਨੇਜ਼ਮੈਂਟ ਦੀ ਹੋਵੇਗੀ।

ਰੋਸ ਪ੍ਰਦਰਸ਼ਨ ਉਪਰੰਤ ਜੱਥੇਬੰਦੀਆਂ ਵੱਲੋ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਮੈਮੋਰੰਡਮ ਵੀ ਦਿੱਤੇ ਗਏ ਅਤੇ ਐਲਾਨ ਵੀ ਕੀਤਾ ਗਿਆ ਕਿ ਜੇਕਰ ਉਪਰੋਕਤ ਮੰਗਾਂ ਨਾ ਮੰਨੀਆਂ ਗਈਆਂ ਤਾਂ ਮਿਤੀ 8.11.2025 ਨੂੰ ਵਿਧਾਨ ਸਭਾ ਹਲਕਾ, ਤਰਨਤਾਰਨ ਵਿਖੇ ਵਿਸ਼ਾਲ ਰੋਸ ਮਾਰਚ ਕੀਤਾ ਜਾਵੇਗਾ।

ਅੱਜ ਦੇ ਰੋਸ ਪ੍ਰਦਰਸ਼ਨ ਨੂੰ ਹੋਰਨਾ ਤੋ ਇਲਾਵਾ ਸਰਵ ਸ੍ਰੀ ਅਵਤਾਰ ਸਿੰਘ ਕੈਂਥ, ਅਮਿਤ ਕੁਮਾਰ, ਇੰਜ: ਦਵਿੰਦਰ ਸਿੰਘ,ਇੰਜ: ਪ੍ਰੀਤਇੰਦਰ ਸਿੰਘ, ਇੰਜ: ਗੁਰਵਿੰਦਰ ਸਿੰਘ, ਸਰਦਾਰਾ ਸਿੰਘ ਗੰਜੂਮਾਜਰਾ, ਗੁਰਚਰਨ ਸਿੰਘ ਡਕੌਂਦਾ, ਮੰਗਤ ਸਿੰਘ, ਇੰਜ: ਅਮਨਦੀਪ ਸਿੰਘ ਜੇਲਵੀ, ਜਗਮੇਲ ਸਿੰਘ, ਚੰਚਲ ਕੁਮਾਰ, ਸੁਲਤਾਨ ਸਿੰਘ, ਬਲਵੰਤ ਸ਼ਰਮਾ, ਗੁਰਵਿੰਦਰ ਸਿੰਘ ਗੁਰੂ ਅਤੇ ਰਣਬੀਰ ਸਿੰਘ ਵੱਲੋ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਅੰਬੇਡਕਰ ਦੀ ਮਜ਼ਦੂਰਾਂ ਨੂੰ ਰਾਜਨੀਤਿਕ ਸਲਾਹ

26 ਅਕਤੂਬਰ 1938 ਨੂੰ ਕੇਂਦਰੀ ਪ੍ਰਾਂਤ ਵੰਹਦ ਦੇ ਮਜ਼ਦੂਰਾਂ ਦਾ ਵਫ਼ਦ ਨੇ ਡਾ: ਬਾਬਾ ਸਾਹਿਬ ਅੰਬੇਡਕਰ ਨਾਲ ਉਨ੍ਹਾਂ ਦੇ ਮਹਿਲ 'ਚ ਮੁਲਾਕਾਤ ਕੀਤੀ ਸੀ। ਉਨ੍ਹਾਂ ਨੂੰ ਸੁਣਨ ਤੋਂ ਬਾਅਦ ਡਾ: ਅੰਬੇਡਕਰ ਵੱਲੋਂ ਦਿੱਤੀ ਗਈ ਸਲਾਹ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਮਜ਼ਦੂਰਾਂ ਦੇ ਉਸ ਵਫ਼ਦ ਵਿੱਚ ਲੇਖਕ ਖ਼ੁਦ ਵੀ ਸ਼ਾਮਲ ਸੀ। ਡਾ: ਅੰਬੇਡਕਰ ਨੇ ਉਸ ਸਮੇਂ ਜੋ ਵੀ



ਕਿਹਾ ਸੀ, ਉਸ ਨੂੰ ਲੇਖਕ ਨੇ ਰਿਕਾਰਡ ਕੀਤਾ ਹੈ। ਇੱਥੇ ਇਹੀ ਦਿੱਤਾ ਜਾ ਰਿਹਾ ਹੈ।

ਵਰਕਰਾਂ ਨੇ ਸਵੇਰੇ 7 ਵਜੇ ਡਾ: ਬਾਬਾ ਸਾਹਿਬ ਨਾਲ ਮੁਲਾਕਾਤ ਕੀਤੀ। ਉਸ ਸਮੇਂ ਡਾਕਟਰ ਬਾਬਾ ਸਾਹਿਬ ਗੰਭੀਰ ਅਤੇ ਸ਼ਾਂਤ ਨਜ਼ਰ ਆ ਰਹੇ ਸਨ। ਉਸ ਦੇ ਚਿਹਰੇ 'ਤੇ ਦ੍ਰਿੜਤਾ ਦੀ ਚਮਕ ਸੀ। ਵਰਕਰਾਂ ਨਾਲ ਗੱਲਬਾਤ ਤੋਂ ਬਾਅਦ ਉਸ ਨੇ ਸਾਨੂੰ ਨਿਸ਼ਾਨਾ ਬਣਾਉਂਦੇ ਹੋਏ ਬੋਲਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਅਸੀਂ ਮਹਿਸੂਸ ਕੀਤਾ ਕਿ ਉਸ ਦੇ ਮੂੰਹੋਂ ਸਵੈ-ਮਾਣ ਵਾਲੇ ਅਤੇ ਹੈਰਾਨਕੁਨ ਸ਼ਬਦ ਨਿਕਲ ਰਹੇ ਸਨ।

ਡਾ: ਅੰਬੇਡਕਰ ਨੇ ਕਿਹਾ-

ਮੱਧ ਪ੍ਰਦੇਸ਼ ਵਾਂਗਾ ਦੀ ਕੌਂਸਲ ਚੋਣਾਂ ਹੋਏ ਨੂੰ ਕਰੀਬ ਡੇਢ ਸਾਲ ਬੀਤ ਚੁੱਕਾ ਹੈ। ਇਸ ਸਮੇਂ ਵਿੱਚ ਅਸੀਂ ਕੁਝ ਨਹੀਂ ਕਰ ਸਕੇ। ਤੁਹਾਨੂੰ 20 ਸੀਟਾਂ ਦਿੱਤੀਆਂ। ਉਨ੍ਹਾਂ ਵਿੱਚੋਂ ਸਾਨੂੰ ਸਿਰਫ਼ 7 ਸੀਟਾਂ ਮਿਲ ਸਕੀਆਂ। ਅਸੀਂ 13 ਸੀਟਾਂ ਜਿੱਤਣ ਲਈ ਕੁਝ ਨਹੀਂ ਕਰ ਸਕੇ। ਜਿੱਤਣ ਵਾਲੇ ਸੱਤ ਵਿਅਕਤੀਆਂ ਵਿੱਚ ਕਦੇ ਵੀ ਆਪਸੀ ਸਾਂਝ ਨਹੀਂ ਸੀ। ਉਨ੍ਹਾਂ ਵਿਚ ਕਦੇ ਵੀ ਏਕਤਾ ਨਹੀਂ ਸੀ। ਜੇਕਰ ਤੁਸੀਂ ਸਾਡੀ ਮੁੰਬਈ ਵੱਲ ਝਾਤੀ ਮਾਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਸਾਡੀ ਸੁਤੰਤਰ ਲੇਬਰ ਪਾਰਟੀ ਦਾ ਸੰਗਠਨ ਕਾਂਗਰਸ ਨਾਲੋਂ ਵੀ ਵਧੀਆ ਹੈ।

ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਰਾਜਨੀਤੀ ਵਿੱਚ ਸੰਗਠਨ ਬਣਾਈ ਰੱਖਣਾ ਦੋ ਵੱਖ-ਵੱਖ ਗੱਲਾਂ ਹਨ।

ਚੋਣਾਂ ਤੋਂ ਬਾਅਦ ਤੁਸੀਂ ਕਿੰਨੇ ਮੈਂਬਰ ਬਣਾਏ? ਪਿਛਲੀ ਵਾਰ ਜਦੋਂ ਮੈਂ ਇਸ ਕੇਸ ਦੇ ਸਬੰਧ ਵਿੱਚ ਪੁੱਛਗਿੱਛ ਲਈ ਆਇਆ ਸੀ ਤਾਂ ਉਸ ਦੇ ਪਾਰਟੀ ਦਾ ਨਵਾਂ ਮੈਂਬਰ ਬਣਨ ਦੀ ਕੋਈ ਖ਼ਬਰ ਨਹੀਂ ਸੀ। ਉਥੇ ਆਜ਼ਾਦ ਲੇਬਰ ਪਾਰਟੀ ਦਾ ਕੋਈ ਦਫ਼ਤਰ ਨਹੀਂ ਹੈ। ਜੇਕਰ ਕੋਈ ਮਦਦ ਮੰਗਣ ਆਉਂਦਾ ਹੈ ਤਾਂ ਵੀ ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਉਸ ਦੇ ਹੱਲ ਲਈ ਕੋਈ ਵੀ ਸਹੂਲਤ ਉਪਲਬਧ ਨਹੀਂ ਹੈ। ਤੁਹਾਡੇ ਕੋਲ ਪੈਸੇ ਨਹੀਂ ਹਨ। ਪੈਸੇ ਤੋਂ ਬਿਨਾਂ ਰਾਜਨੀਤੀ ਕਿਵੇਂ ਚਲਾਈਏ? ਪੈਸੇ ਲਈ ਇੱਕ ਵਿਅਕਤੀ 'ਤੇ ਨਿਰਭਰ ਹੋਣਾ ਕੰਮ ਨਹੀਂ ਕਰਦਾ। ਸਾਡੇ ਵੱਲੋਂ ਜੋ ਮੈਂਬਰ ਸ਼ਾਮਲ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਬਹੁਤੇ ਸਥਾਈ ਮੈਂਬਰ ਹਨ, ਇਸੇ ਕਰਕੇ ਸਿਆਸਤ ਕੰਮ ਕਰਦੀ ਹੈ।

ਤੁਸੀਂ ਲੋਕਾਂ ਨੇ ਅਜਿਹਾ ਕੋਈ ਪ੍ਰਬੰਧ ਨਹੀਂ ਕੀਤਾ ਹੈ। ਅਤੇ ਤੁਸੀਂ ਉਹ ਵੀ ਨਹੀਂ ਕਰਦੇ ਜੋ ਮੈਂ ਤੁਹਾਨੂੰ ਦੱਸਦਾ ਹਾਂ। ਮੈਂ ਸਿਰਫ਼ ਮੁੰਬਈ ਦੀ ਜ਼ਿੰਮੇਵਾਰੀ ਲੈਂਦਾ ਹਾਂ। ਮੇਰਾ ਕੇਂਦਰੀ ਪ੍ਰਾਂਤ ਵੰਹਦ ਨਾਲ ਕੀ ਲੈਣਾ-ਦੇਣਾ ਹੈ? ਜੇਕਰ ਤੁਸੀਂ ਲੋਕ ਕੁਝ ਨਹੀਂ ਕਰਨਾ ਚਾਹੁੰਦੇ ਤਾਂ ਮੇਰਾ ਤੁਹਾਡੇ ਸੂਬੇ ਨਾਲ ਕੋਈ ਲੈਣਾ-ਦੇਣਾ ਨਹੀਂ ਹੋਵੇਗਾ। ਤੁਹਾਡੇ ਸੂਬੇ ਵਿੱਚ ਕੁਝ ਸੁਆਰਥੀ, ਮਿੱਠੇ ਬੋਲਣ ਵਾਲੇ ਅਤੇ ਕੁਝ ਕੰਮ ਕਰਨ ਵਾਲੇ ਲੋਕ ਹਨ।

ਇਸ ਦੇ ਬਾਵਜੂਦ ਅੱਜ ਤੱਕ ਇੱਥੇ ਕੁਝ ਨਹੀਂ ਹੋਇਆ। ਇਹ ਕੰਮ ਤੁਹਾਨੂੰ ਕਰਨਾ ਪਵੇਗਾ। ਭਾਈ ਜੈਵੰਤ ਨੂੰ ਪ੍ਰਬੰਧਕ ਨਿਯੁਕਤ ਕੀਤਾ ਗਿਆ ਹੈ। ਇਸ ਲਈ, ਤੁਹਾਨੂੰ ਉਨ੍ਹਾਂ ਦਾ ਸਮਰਥਨ ਕਰਦੇ ਹੋਏ ਕੰਮ ਕਰਨਾ ਪਏਗਾ. ਫਿਰ ਤੁਸੀਂ ਉਨ੍ਹਾਂ ਦਾ ਵਿਰੋਧ ਕਿਉਂ ਕਰਦੇ ਹੋ? ਸਾਡੇ ਵਿੱਚ ਇੱਕ ਨੁਕਸ ਹੈ - ਇੱਕ ਵਾਰ ਜਦੋਂ ਸਾਡੀ ਲੜਾਈ ਹੁੰਦੀ ਹੈ, ਤਾਂ ਇਹ ਪੀੜ੍ਹੀਆਂ ਤੱਕ ਜਾਰੀ ਰਹਿੰਦੀ ਹੈ। ਇਹ ਸਹੀ ਨਹੀਂ ਹੈ, ਰਾਜਨੀਤੀ ਵਿੱਚ ਜੋ ਕਿਹਾ ਜਾਂਦਾ ਹੈ, ਉਸਨੂੰ ਤੁਰੰਤ ਭੁੱਲ ਜਾਣਾ ਚਾਹੀਦਾ ਹੈ। ਮੈਂ ਹਰਦਾਸ ਦਾ ਸਤਿਕਾਰ ਕਰਦਾ ਹਾਂ। ਹਾਲਾਂਕਿ, ਉਨ੍ਹਾਂ ਵਿੱਚ ਕੁਝ ਕਮੀਆਂ ਵੀ ਹਨ. ਹਰਦਾਸ ਨੇ ਟਿਕਟ ਨਹੀਂ ਦਿੱਤੀ, ਇਸ ਲਈ ਪਾਟਿਲ ਨੂੰ ਉਸ ਤੋਂ ਬਦਲਾ ਨਹੀਂ ਲੈਣਾ ਚਾਹੀਦਾ।

ਅਸੀਂ ਘੱਟ ਗਿਣਤੀ ਹਾਂ, ਮੈਂਡਕੀ ਸੁੱਜ ਕੇ ਵੀ ਬੈਲ ਜਿੰਨਾ ਵੱਡਾ ਨਹੀਂ ਬਣ ਸਕਦਾ। ਇਸ ਲਈ ਕਿਸੇ ਦੇ ਸਹਿਯੋਗ ਤੋਂ ਬਿਨਾਂ ਸਿਆਸਤ ਸਾਡੇ ਵੱਸ ਵਿੱਚ ਨਹੀਂ ਆਉਣ ਵਾਲੀ। ਪੁਰਾਣੇ ਅੰਦੋਲਨ ਸਾਡੇ ਤੱਕ ਹੀ ਸੀਮਤ ਹੁੰਦੇ ਸਨ। ਉਸ ਸਮੇਂ ਸਾਨੂੰ ਇਹ ਅੰਗਰੇਜ਼ ਸਰਕਾਰ ਤੋਂ ਲੈਣਾ ਹੁੰਦਾ ਸੀ। ਹੁਣ ਬਰਤਾਨਵੀ ਸਰਕਾਰ ਨਹੀਂ ਬਚੀ। ਅੱਜ ਦੀ ਰਾਜਨੀਤੀ ਬਹੁਮਤ 'ਤੇ ਆਧਾਰਿਤ ਹੈ। ਅਸੀਂ ਬਹੁਮਤ ਤੋਂ ਬਿਨਾਂ ਰਾਜਨੀਤੀ ਨਹੀਂ ਜਿੱਤ ਸਕਦੇ।ਇਸ ਲਈ ਸਾਨੂੰ ਬਹੁਮਤ ਵਧਾਉਣਾ ਪਵੇਗਾ। ਜੈਵੰਤ ਬਾਰੇ ਇੰਨੀ ਝਿਜਕ ਕਿਉਂ ਹੈ? ਉਹ ਰਾਜਾ ਨਹੀਂ ਹੈ। ਜੇਕਰ ਕੋਈ ਬਿਹਤਰ ਕੰਮ ਕਰੇ ਤਾਂ ਹੀ ਉਸ ਨੂੰ ਬਿਹਤਰ ਮੰਨਿਆ ਜਾ ਸਕਦਾ ਹੈ। ਜੇਕਰ ਕੋਈ ਮੇਰੇ ਵਿਰੁੱਧ ਕੰਮ ਕਰਦਾ ਹੈ ਤਾਂ ਮੈਂ ਉਸ ਨੂੰ ਇਕ ਪਲ ਵਿਚ ਹਟਾ ਦੇਵਾਂਗਾ। ਜਦੋਂ ਕੋਈ ਆਜ਼ਾਦ ਲੇਬਰ ਪਾਰਟੀ ਦਾ ਮੈਂਬਰ ਬਣ ਜਾਂਦਾ ਹੈ, ਤਾਂ ਉਹ ਕਿਸੇ ਹੋਰ ਪਾਰਟੀ ਦਾ ਮੈਂਬਰ ਨਹੀਂ ਬਣ ਸਕਦਾ। ਰਾਜਨੀਤੀ ਤੋਂ ਇਲਾਵਾ ਸਮਾਜਿਕ ਅਤੇ ਧਾਰਮਿਕ ਕੰਮ ਵੀ ਕਰ ਸਕਦੇ ਹੋ। ਇਹ ਫੈਸਲਾ ਕਰਨਾ ਲੋਕਾਂ ਦਾ ਫਰਜ਼ ਹੈ ਕਿ ਕਿਸ ਨੂੰ ਸੱਤਾ ਵਿੱਚ ਰਹਿਣਾ ਚਾਹੀਦਾ ਹੈ। ਮੈਂਬਰਾਂ ਦੀ ਨਿਗਰਾਨੀ ਕਰਨ ਵਾਲਾ ਕੋਈ ਨਹੀਂ ਹੈ, ਸ਼ਾਇਦ ਇਸੇ ਲਈ ਅਜਿਹਾ ਹੋ ਰਿਹਾ ਹੈ। ਜੇਕਰ ਮੈਂ ਕੋਈ ਗਲਤੀ ਕਰਦਾ ਹਾਂ ਤਾਂ ਇੱਥੇ ਲੋਕ ਮੈਨੂੰ ਪੁੱਛਣ ਆਉਂਦੇ ਹਨ।

ਅਸੀਂ ਉਨ੍ਹਾਂ ਦੇ ਖਿਲਾਫ ਸੱਤਿਆਗ੍ਰਹਿ ਕਰਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ। ਬੱਚਾ ਮਾਂ ਦੇ ਖਿਲਾਫ ਸੱਤਿਆਗ੍ਰਹਿ ਕਰਦਾ ਹੈ। ਮੈਨੂੰ ਡਾ: ਖਰੇ ਦਾ ਲਿਖਿਆ ਸਮਝੌਤਾ ਮਿਲਿਆ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ- "ਇਹ ਲੋਕ (ਅਛੂਤ) ਅਗਿਆਨੀ ਹਨ। ਉਸ ਦੀ ਕੋਈ ਲਾਲਸਾ ਨਹੀਂ ਹੈ। ਤੂੰ ਤਾਂ ਅਛੂਤ ਮੰਤਰੀ ਲੈ ਲਿਆ ਹੁੰਦਾ, ਮੈਨੂੰ ਕਿਉਂ ਲੈ ਗਿਆ? ਇਕ ਮੰਤਰੀ ਬਣਾ ਕੇ ਤੁਸੀਂ ਉਸ ਦੇ ਮਨ ਵਿਚ ਲਾਲਸਾ ਪੈਦਾ ਕੀਤੀ ਹੈ।''

ਜਦੋਂ ਤੁਸੀਂ ਸੱਤਿਆਗ੍ਰਹਿ ਕੀਤਾ ਸੀ, ਕੀ ਅਗਨੀਭੋਜ ਨੇ ਇਸ ਵਿੱਚ ਹਿੱਸਾ ਲਿਆ ਸੀ? ਜੇਕਰ ਉਹ ਆਪਣੇ ਹੱਕਾਂ ਲਈ ਵੀ ਲੜਨ ਲਈ ਤਿਆਰ ਨਹੀਂ ਤਾਂ ਤੁਸੀਂ ਗਾਂਧੀ ਵਿਰੁੱਧ ਸੱਤਿਆਗ੍ਰਹਿ ਕਿਉਂ ਕੀਤਾ? ਲੜਨਾ ਉਸ ਵਿਅਕਤੀ ਲਈ ਫਰਜ਼ ਬਣ ਜਾਂਦਾ ਹੈ ਜੋ ਲੜਨ ਲਈ ਤਿਆਰ ਹੁੰਦਾ ਹੈ।

ਜਿੱਥੇ ਵੀ ਆਜ਼ਾਦ ਲੇਬਰ ਪਾਰਟੀ ਦਾ ਕੰਮ ਚੱਲਦਾ ਹੈ। ਉਸ ਸ਼ਾਖਾ ਵਿੱਚ ਮੁੱਖ ਦਫ਼ਤਰ ਦਾ ਕੰਟਰੋਲ ਹੋਣਾ ਜ਼ਰੂਰੀ ਹੈ। ਮੈਂ ਅਨੁਸ਼ਾਸਨ ਦਾ ਅਨੁਯਾਈ ਹਾਂ। ਅਤੇ ਮੈਂ ਲਗਭਗ ਇੱਕ ਤਾਨਾਸ਼ਾਹ ਹਾਂ।

ਸਾਨੂੰ ਪੈਸੇ ਦੇ ਮਾਮਲੇ ਵਿੱਚ ਬਹੁਤ ਈਮਾਨਦਾਰ ਹੋਣਾ ਚਾਹੀਦਾ ਹੈ। ਹਰੇਕ ਜ਼ਿਲ੍ਹੇ ਵਿੱਚੋਂ ਪੰਜ ਮੈਂਬਰ ਲਿਆਓ ਅਤੇ ਮੀਟਿੰਗ ਕਰੋ। ਵਿਧਾਨ ਸਭਾ ਵਿੱਚ ਉਨ੍ਹਾਂ ਦੇ ਸੱਤ ਐਮ.ਐਲ.ਏ. ਨੂੰ ਕਾਲ ਕਰੋ। ਸਾਰਿਆਂ ਨੇ ਮਿਲ ਕੇ ਆਜ਼ਾਦ ਮਜ਼ਦੂਰ ਪਾਰਟੀ ਦੀ ਸਥਾਪਨਾ ਕੀਤੀ।

ਕਾਂਗਰਸ ਇਕ ਮਜ਼ਬੂਤ ਨੀਂਹ 'ਤੇ ਖੜ੍ਹੀ ਸੰਸਥਾ ਹੈ ਅਤੇ ਅਸੀਂ ਉਨ੍ਹਾਂ ਦੇ ਸਾਹਮਣੇ ਨਹੀਂ ਖੜ੍ਹ ਸਕਦੇ। ਉਨ੍ਹਾਂ ਦੀ ਬਹੁਗਿਣਤੀ ਕਾਰਨ ਅਸੀਂ ਕੁਝ ਨਹੀਂ ਕਰ ਸਕਦੇ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਵਿਚ ਫੁੱਟ ਪੈਦਾ ਕਰੀਏ। ਡਾ: ਖਰੇ ਦੁਸ਼ਮਣ ਪਾਰਟੀ ਦਾ ਪੱਥਰ ਹੈ। ਮੈਂ ਉਸਨੂੰ ਹੇਠਾਂ ਦੱਬਣ ਦੀ ਕੋਸ਼ਿਸ਼ ਕੀਤੀ।

ਪਾਰਟੀ ਮੈਂਬਰਾਂ ਦਾ ਪੈਸਾ ਕਿਸੇ ਇੱਕ ਵਿਅਕਤੀ ਕੋਲ ਨਾ ਰੱਖੋ। ਦੋ-ਪੰਜ ਲੋਕਾਂ ਦੇ ਨਾਂ 'ਤੇ ਬੈਂਕ 'ਚ ਪੈਸੇ ਰੱਖੇ ਜਾਣ। ਪਾਰਟੀ ਦਾ ਕੰਮਕਾਜ ਦੇਖਣ ਲਈ ਸਕੱਤਰ ਨਿਯੁਕਤ ਕਰੋ। (ਇਹ ਕੰਮ ਹੋ ਗਿਆ ਹੈ) ਦਫਤਰ ਲਈ ਮਕਾਨ ਲੈ ਲਓ। ਹਰ ਮਹੀਨੇ ਇਕੱਠੇ ਕੀਤੇ ਦਾਨ ਦੀ ਰਕਮ ਉਸੇ ਲਈ ਬਣਾਏ ਗਏ ਫਾਰਮ ਵਿੱਚ ਲਿਖ ਕੇ ਭੇਜੀ ਜਾਵੇ। ਤੁਹਾਡਾ ਕੰਮ ਸੁਚਾਰੂ ਢੰਗ ਨਾਲ ਚੱਲਣਾ ਸ਼ੁਰੂ ਹੋ ਜਾਵੇਗਾ ਫਿਰ ਜਨਤਕ ਤੌਰ 'ਤੇ ਸੀ.ਪੀ. ਅਤੇ ਬੇਰਾਰ ਲਈ ਦੋ ਪੰਨੇ ਰਾਖਵੇਂ ਰੱਖੇਗਾ। ਫਿਲਹਾਲ, ਇੱਕ ਤੁਰੰਤ ਕਮੇਟੀ ਨਿਯੁਕਤ ਕਰੋ। ਬਾਅਦ ਵਿੱਚ ਚੋਣਾਂ ਕਰਵਾਉਣਗੇ। ਦੋ ਆਜ਼ਾਦ ਲੇਬਰ ਪਾਰਟੀ ਦੀ ਰਾਜਨੀਤੀ ਲਈ ਪ੍ਰਚਾਰ ਦੇ ਕੰਮ ਲਈ ਵੱਖ-ਵੱਖ ਵਿਭਾਗਾਂ ਦੇ ਨਾਲ ਇੱਕ ਸੰਗਠਨ ਬਣਾਉਣਾ ਅਤੇ ਵੱਖ-ਵੱਖ ਲੋਕਾਂ ਦੇ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਲੋੜ ਹੈ।

ਉਸ ਵਿਅਕਤੀ ਨੂੰ ਚੁਣੋ ਜੋ ਸੱਤਾ ਵਿੱਚ ਹੋਵੇਗਾ ਬਹੁਤ ਧਿਆਨ ਨਾਲ, ਸਿਰਫ਼ ਵਧੀਆ ਵਿਅਕਤੀ ਨੂੰ ਚੁਣੋ. ਵਿਅਕਤੀ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਮਾਜਕ ਕੰਮ ਕੀ ਹੈ, ਸਮਾਜ ਦੇ ਹਿੱਤ ਵਿੱਚ ਕੀ ਹੈ, ਸਮਾਜ ਲਈ ਕੀ ਜ਼ਰੂਰੀ ਹੈ। ਕੁਝ ਨਹੀਂ ਹੋਵੇਗਾ ਜੇਕਰ ਕਾਬਲ ਕੰਮ ਕਰਨ ਵਾਲੇ ਲੋਕਾਂ ਨੂੰ ਚੁਣਨ ਦੀ ਬਜਾਏ ਆਪਣੇ ਰਿਸ਼ਤੇਦਾਰਾਂ ਨੂੰ ਹੀ ਭਰਤੀ ਕਰ ਲਿਆ ਜਾਵੇ। ਭਾਵੇਂ ਕਿਸੇ ਦਾ ਆਪਣਿਆਂ ਨਾਲ ਮਤਭੇਦ ਹੋ ਜਾਵੇ ਪਰ ਮੈਂਬਰਾਂ ਦਾ ਵਿਹਾਰ ਅਜਿਹਾ ਹੋਣਾ ਚਾਹੀਦਾ ਹੈ ਕਿ ਜਨਤਕ ਮੀਟਿੰਗਾਂ ਵਿਚ ਸਾਡੀ ਪਾਰਟੀ ਕਮਜ਼ੋਰ ਨਾ ਹੋ ਜਾਵੇ।

ਪਾਰਟੀ ਮੈਂਬਰ ਬਣਾਓ, ਕੇਂਦਰੀ ਸੂਬੇ ਦਾ ਨਕਸ਼ਾ ਬਣਾ ਕੇ ਮੈਨੂੰ ਭੇਜੋ। ਉਸ ਨਕਸ਼ੇ ਵਿੱਚ ਜ਼ਿਲ੍ਹੇ ਦੇ ਵਿਭਾਗ ਦੱਸ ਕੇ ਉਸ ਵਿੱਚ ਸਾਡੇ ਕਿੰਨੇ ਵੋਟਰ ਹਨ? ਆਮ ਵੋਟਰ ਕਿੰਨੇ ਹਨ, ਕਿੱਥੇ ਸੀਟਾਂ ਰਾਖਵੀਆਂ ਹਨ, ਕਿੱਥੇ ਚੋਣ ਲੜਨੀ ਹੈ ਆਦਿ ਸਾਰੀ ਜਾਣਕਾਰੀ ਉਸ ਵਿੱਚ ਲਿਖ ਕੇ ਭੇਜੋ ਤਾਂ ਜੋ ਅਗਲੇ ਪ੍ਰਬੰਧ ਕਰਨ ਵਿੱਚ ਆਸਾਨੀ ਹੋ ਸਕੇ।

# ਡਾ. ਅੰਬੇਡਕਰ ਦਾ ਰਾਜਨੀਤਿਕ ਮਾਸਟਰ ਕਲਾਸ: ਇੱਕ ਸੰਖੇਪ ਦਸਤਾਵੇਜ਼

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

### ਕਾਰਜਕਾਰੀ ਸੰਖੇਪ

ਇਹ ਦਸਤਾਵੇਜ਼ ਡਾ. ਬੀ.ਆਰ. ਅੰਬੇਡਕਰ ਦੁਆਰਾ 26 ਅਕਤੂਬਰ, 1938 ਨੂੰ ਕੇਂਦਰੀ ਪ੍ਰਾਂਤ ਦੇ ਮਜ਼ਦੂਰ ਆਗੂਆਂ ਨੂੰ ਦਿੱਤੀ ਗਈ ਇੱਕ ਡੂੰਘਾਈ ਨਾਲ ਰਾਜਨੀਤਿਕ ਸਿਖਲਾਈ ਦਾ ਸਾਰ ਦਿੰਦਾ ਹੈ। ਇਸਦਾ ਕੇਂਦਰੀ ਤਰਕ ਇਹ ਹੈ ਕਿ ਅੰਦਰੂਨੀ ਤੌਰ 'ਤੇ ਇੱਕ ਮਜ਼ਬੂਤ, ਅਨੁਸ਼ਾਸਿਤ ਅਤੇ ਵਿੱਤੀ ਤੌਰ 'ਤੇ ਪਾਰਦਰਸ਼ੀ ਸੰਗਠਨ ਬਣਾਏ ਬਿਨਾਂ ਬਾਹਰੀ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨਾ ਅਸੰਭਵ ਹੈ। ਡਾ. ਅੰਬੇਡਕਰ ਨੇ ਆਗੂਆਂ ਦੀ ਚੋਣ ਸਫਲਤਾ ਦੇ ਬਾਵਜੂਦ ਉਨ੍ਹਾਂ ਦੀ ਰਾਜਨੀਤਿਕ ਅਕਿਰਿਆਸ਼ੀਲਤਾ ਦੀ ਸਖ਼ਤ ਆਲੋਚਨਾ ਕੀਤੀ ਅਤੇ ਇੱਕ ਟਿਕਾਊ ਅੰਦੋਲਨ ਬਣਾਉਣ ਲਈ ਇੱਕ ਸਪੱਸ਼ਟ ਬਲੂਪ੍ਰਿੰਟ ਪੇਸ਼ ਕੀਤਾ।

### ਮੁੱਖ ਸਿੱਟਿਆਂ ਵਿੱਚ ਸ਼ਾਮਲ ਹਨ:

* ਚੋਣ ਜਿੱਤ ਨਾਕਾਫ਼ੀ ਹੈ: 20 ਵਿੱਚੋਂ 7 ਸੀਟਾਂ ਜਿੱਤਣਾ ਇੱਕ ਖੋਖਲੀ ਜਿੱਤ ਸੀ ਕਿਉਂਕਿ ਪਾਰਟੀ ਅੰਦਰੂਨੀ ਵੰਡ ਅਤੇ ਰਣਨੀਤਕ ਦਿਸ਼ਾਹੀਣਤਾ ਕਾਰਨ ਬੇਅਸਰ ਰਹੀ।
* ਸਫਲਤਾ ਦੇ ਤਿੰਨ ਥੰਮ੍ਹ: ਇੱਕ ਮਜ਼ਬੂਤ ਰਾਜਨੀਤਿਕ ਪਾਰਟੀ ਤਿੰਨ ਜ਼ਰੂਰੀ ਥੰਮ੍ਹਾਂ 'ਤੇ ਟਿਕੀ ਹੋਈ ਹੈ: ਸੰਗਠਨ (ਭੌਤਿਕ ਦਫ਼ਤਰ, ਮੈਂਬਰਸ਼ਿਪ ਵਾਧਾ, ਅਤੇ ਜਨਤਕ ਸੇਵਾ), ਵਿੱਤ (ਪਾਰਦਰਸ਼ੀ ਅਤੇ ਸਮੂਹਿਕ ਫੰਡ ਪ੍ਰਬੰਧਨ), ਅਤੇ ਅਨੁਸ਼ਾਸਨ (ਨਿੱਜੀ ਟਕਰਾਵਾਂ ਤੋਂ ਉੱਪਰ ਉੱਠਣਾ, ਲੀਡਰਸ਼ਿਪ ਲਈ ਸਮਰਥਨ, ਅਤੇ ਪਾਰਟੀ ਪ੍ਰਤੀ ਅਟੱਲ ਵਫ਼ਾਦਾਰੀ)।
* ਘੱਟ ਗਿਣਤੀ ਰਾਜਨੀਤੀ ਦੀ ਅਸਲੀਅਤ: ਡਾ. ਅੰਬੇਡਕਰ ਨੇ ਸਪੱਸ਼ਟ ਕੀਤਾ ਕਿ ਇੱਕ ਘੱਟ ਗਿਣਤੀ ਸਮੂਹ ਇਕੱਲੇ ਸੱਤਾ ਪ੍ਰਾਪਤ ਨਹੀਂ ਕਰ ਸਕਦਾ। "ਇੱਕ ਡੱਡੂ ਬਲਦ ਜਿੰਨਾ ਵੱਡਾ ਹੋਣ ਲਈ ਫੁੱਲ ਨਹੀਂ ਸਕਦਾ" ਦੀ ਉਦਾਹਰਣ ਦੀ ਵਰਤੋਂ ਕਰਦੇ ਹੋਏ, ਉਨ੍ਹਾਂ ਨੇ ਰਣਨੀਤਕ ਗੱਠਜੋੜ ਬਣਾਉਣ ਅਤੇ ਬਹੁਗਿਣਤੀ ਵਿਰੋਧੀ ਧਿਰ ਨੂੰ ਵੰਡਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।
* ਤੁਰੰਤ ਕਾਰਜ ਯੋਜਨਾ: ਉਨ੍ਹਾਂ ਨੇ ਨਾ ਸਿਰਫ਼ ਆਲੋਚਨਾ ਕੀਤੀ, ਸਗੋਂ ਇੱਕ ਠੋਸ ਕਾਰਜ ਯੋਜਨਾ ਵੀ ਪ੍ਰਦਾਨ ਕੀਤੀ, ਜਿਸ ਵਿੱਚ ਇੱਕ ਸੰਗਠਨਾਤਮਕ ਮੀਟਿੰਗ ਬੁਲਾਉਣ, ਇੱਕ ਕਮੇਟੀ ਨਿਯੁਕਤ ਕਰਨ, ਇੱਕ ਵਿੱਤੀ ਪ੍ਰਣਾਲੀ ਸਥਾਪਤ ਕਰਨ, ਯੋਗਤਾ ਦੇ ਅਧਾਰ 'ਤੇ ਨੇਤਾਵਾਂ ਦੀ ਚੋਣ ਕਰਨ ਅਤੇ ਰਣਨੀਤਕ ਯੋਜਨਾਬੰਦੀ ਲਈ ਹਲਕਿਆਂ ਦੀ ਮੈਪਿੰਗ ਸ਼ਾਮਲ ਸੀ।

ਸੰਖੇਪ ਵਿੱਚ, ਡਾ. ਅੰਬੇਡਕਰ ਦਾ ਸਬਕ ਅੱਜ ਵੀ ਪ੍ਰਸੰਗਿਕ ਹੈ: ਸੱਚੀ ਰਾਜਨੀਤਿਕ ਸ਼ਕਤੀ ਸਿਰਫ਼ ਚੋਣਾਂ ਜਿੱਤਣ ਨਾਲ ਨਹੀਂ ਪੈਦਾ ਹੁੰਦੀ, ਸਗੋਂ ਇੱਕ ਉਦੇਸ਼ਪੂਰਨ, ਅਨੁਸ਼ਾਸਿਤ ਅਤੇ ਸਮਰਪਿਤ ਜ਼ਮੀਨੀ ਪੱਧਰ ਦੇ ਸੰਗਠਨ ਦੇ ਨਿਰਮਾਣ ਨਾਲ ਪੈਦਾ ਹੁੰਦੀ ਹੈ ਜੋ ਆਪਣੇ ਲੋਕਾਂ ਦੀ ਸੇਵਾ ਕਰਨ ਲਈ ਸਮਰਪਿਤ ਹੈ।



### 1. ਜਾਣ-ਪਛਾਣ: ਰਾਜਨੀਤਿਕ ਸ਼ਕਤੀ ਦਾ ਆਧਾਰ

26 ਅਕਤੂਬਰ, 1938 ਨੂੰ, ਡਾ. ਬੀ.ਆਰ. ਅੰਬੇਡਕਰ ਨੇ ਕੇਂਦਰੀ ਪ੍ਰਾਂਤ ਦੇ ਮਜ਼ਦੂਰ ਨੇਤਾਵਾਂ ਦੇ ਇੱਕ ਵਫ਼ਦ ਲਈ ਇੱਕ ਰਾਜਨੀਤਿਕ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਸੈਸ਼ਨ ਦਾ ਮੂਲ ਸਿਧਾਂਤ ਇਹ ਸੀ ਕਿ ਕਿਸੇ ਵੀ ਰਾਜਨੀਤਿਕ ਅੰਦੋਲਨ ਦੀ ਬਾਹਰੀ ਸਫਲਤਾ ਉਸਦੀ ਅੰਦਰੂਨੀ ਤਾਕਤ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਸੰਗਠਨ, ਵਿੱਤ ਅਤੇ ਅਨੁਸ਼ਾਸਨ 'ਤੇ ਪੂਰੀ ਮੁਹਾਰਤ ਪ੍ਰਾਪਤ ਨਹੀਂ ਹੋ ਜਾਂਦੀ, ਬਾਹਰੀ ਰਾਜਨੀਤਿਕ ਸ਼ਕਤੀ ਹਾਸਲ ਕਰਨਾ ਇੱਕ ਅਸੰਭਵ ਸੁਪਨਾ ਹੀ ਰਹੇਗਾ। ਇਹ ਵਿਸ਼ਲੇਸ਼ਣ ਉਨ੍ਹਾਂ ਦੁਆਰਾ ਪੇਸ਼ ਕੀਤੇ ਗਏ ਮੁੱਖ ਸਬਕਾਂ ਅਤੇ ਰਣਨੀਤੀਆਂ ਦਾ ਇੱਕ ਸੰਪੂਰਨ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ।

### 2. ਬੁਨਿਆਦੀ ਸਮੱਸਿਆ: ਸਿਰਫ਼ ਚੋਣ ਜਿੱਤ ਕਿਉਂ ਨਾਕਾਫ਼ੀ ਹੈ

ਡਾ. ਅੰਬੇਡਕਰ ਨੇ ਸੈਸ਼ਨ ਦੀ ਸ਼ੁਰੂਆਤ ਵਫ਼ਦ ਦੇ ਪ੍ਰਦਰਸ਼ਨ ਦੀ ਸਿੱਧੀ ਅਤੇ ਸਖ਼ਤ ਆਲੋਚਨਾ ਨਾਲ ਕੀਤੀ। ਉਨ੍ਹਾਂ ਨੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਸੂਬਾਈ ਚੋਣਾਂ ਵਿੱਚ 20 ਵਿੱਚੋਂ 7 ਸੀਟਾਂ ਜਿੱਤਣ ਦੇ ਬਾਵਜੂਦ, ਪਾਰਟੀ ਰਾਜਨੀਤਿਕ ਤੌਰ 'ਤੇ ਅਕਿਰਿਆਸ਼ੀਲ ਅਤੇ ਬੇਅਸਰ ਸੀ। ਉਨ੍ਹਾਂ ਦੀ ਆਲੋਚਨਾ ਦੇ ਮੁੱਖ ਨੁਕਤਿਆਂ 'ਤੇ ਕੇਂਦ੍ਰਿਤ ਸੀ:

* ਚੋਣ ਖੜੋਤ: ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਨਾ ਸਿਰਫ਼ ਬਾਕੀ 13 ਸੀਟਾਂ ਜਿੱਤਣ ਵਿੱਚ ਅਸਫਲ ਰਹੀ ਬਲਕਿ ਚੋਣਾਂ ਤੋਂ ਬਾਅਦ ਡੇਢ ਸਾਲ ਵਿੱਚ ਕੋਈ ਮਹੱਤਵਪੂਰਨ ਤਰੱਕੀ ਕਰਨ ਵਿੱਚ ਵੀ ਅਸਮਰੱਥ ਰਹੀ। ਸਮੱਸਿਆ ਸਿਰਫ਼ ਜਿੱਤੀਆਂ ਸੀਟਾਂ ਦੀ ਗਿਣਤੀ ਨਹੀਂ ਸੀ, ਸਗੋਂ ਨਿਰੰਤਰ ਵਿਕਾਸ ਅਤੇ ਪ੍ਰਭਾਵ ਦੀ ਪੂਰੀ ਘਾਟ ਸੀ।
* ਏਕਤਾ ਦੀ ਘਾਟ: ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਉਜਾਗਰ ਕੀਤਾ ਕਿ ਚੁਣੇ ਹੋਏ ਸੱਤ ਮੈਂਬਰ ਵੀ ਇੱਕਜੁੱਟ ਨਹੀਂ ਸਨ। ਉਨ੍ਹਾਂ ਵਿੱਚ ਆਪਸੀ ਸਮਝ ਅਤੇ ਤਾਲਮੇਲ ਦੀ ਘਾਟ ਨੇ ਉਨ੍ਹਾਂ ਦੀ ਸਮੂਹਿਕ ਸੌਦੇਬਾਜ਼ੀ ਸ਼ਕਤੀ ਨੂੰ ਗੰਭੀਰਤਾ ਨਾਲ ਕਮਜ਼ੋਰ ਕਰ ਦਿੱਤਾ ਸੀ। ਉਨ੍ਹਾਂ ਨੇ ਇਸ ਅਸਫਲਤਾ ਦੀ ਤੁਲਨਾ ਮੁੰਬਈ ਵਿੱਚ ਆਪਣੀ ਸੁਤੰਤਰ ਲੇਬਰ ਪਾਰਟੀ ਦੀ ਸਫਲਤਾ ਨਾਲ ਕੀਤੀ, ਜਿਸਨੂੰ





ਉਨ੍ਹਾਂ ਨੇ "ਕਾਂਗਰਸ ਨਾਲੋਂ ਵੀ ਵਧੀਆ" ਦੱਸਿਆ ਅਤੇ ਇਸਨੂੰ ਇੱਕ ਮਾਪਦੰਡ ਵਜੋਂ ਪੇਸ਼ ਕੀਤਾ।

## 3. ਇੱਕ ਮਜ਼ਬੂਤ ਰਾਜਨੀਤਿਕ ਪਾਰਟੀ ਦੇ ਤਿੰਨ ਥੰਮ੍ਹ

ਚੋਣਾਂ ਵਿੱਚ ਖੜ੍ਹੇਤ ਅਤੇ ਅੰਦਰੂਨੀ ਫੁੱਟ ਦੀਆਂ ਇਨ੍ਹਾਂ ਦੋਹਰੀ ਬਿਮਾਰੀਆਂ ਦਾ ਪਤਾ ਲਗਾਉਣ ਤੋਂ ਬਾਅਦ, ਡਾ. ਅੰਬੇਡਕਰ ਨੇ ਇੱਕ ਸ਼ਕਤੀਸ਼ਾਲੀ ਉਪਾਅ ਦੱਸਿਆ: ਇੱਕ ਸਫਲ ਅਤੇ ਸਥਾਈ ਰਾਜਨੀਤਿਕ ਸੰਗਠਨ ਬਣਾਉਣ ਲਈ ਤਿੰਨ ਜ਼ਰੂਰੀ ਥੰਮ੍ਹ।

### 3.1 ਥੰਮ੍ਹ 1: ਸੰਗਠਨ ਅਤੇ ਬੁਨਿਆਦੀ ਢਾਂਚਾ

ਡਾ. ਅੰਬੇਡਕਰ ਨੇ ਸਿਰਫ਼ ਜਨਤਕ ਜਾਗਰੂਕਤਾ ਵਧਾਉਣ ਅਤੇ ਇੱਕ ਅਸਲੀ, ਕਾਰਜਸ਼ੀਲ ਰਾਜਨੀਤਿਕ ਸੰਗਠਨ ਨੂੰ ਬਣਾਈ ਰੱਖਣ ਵਿੱਚ ਇੱਕ ਮਹੱਤਵਪੂਰਨ ਅੰਤਰ ਕੱਢਿਆ। ਉਨ੍ਹਾਂ ਨੇ ਰਿਪੋਰਟ ਦਿੱਤੀ ਕਿ ਵਫ਼ਦ ਸੰਗਠਨਾਤਮਕ ਮੋਰਚੇ 'ਤੇ ਪੂਰੀ ਤਰ੍ਹਾਂ ਅਸਫਲ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਨਿਰਾਸ਼ਾ ਸਪੱਸ਼ਟ ਹੋ ਗਈ ਹੈ। ਉਨ੍ਹਾਂ ਚੇਤਾਵਨੀ ਦਿੱਤੀ: "ਅਤੇ ਤੁਸੀਂ ਲੋਕ ਉਹ ਵੀ ਨਹੀਂ ਕਰਦੇ ਜੋ ਮੈਂ ਤੁਹਾਨੂੰ ਦੱਸਦਾ ਹਾਂ... ਜੇਕਰ ਤੁਸੀਂ ਕੁਝ ਨਹੀਂ ਕਰਨਾ ਚਾਹੁੰਦੇ, ਤਾਂ ਮੇਰਾ ਤੁਹਾਡੇ ਸੂਬੇ ਨਾਲ ਕੋਈ ਲੈਣਾ-ਦੇਣਾ ਨਹੀਂ ਹੋਵੇਗਾ।"

### ਸੰਗਠਨਾਤਮਕ ਕਮਜ਼ੋਰੀਆਂ ਵਿੱਚ ਸ਼ਾਮਲ ਹਨ:

* ਮੈਂਬਰਸ਼ਿਪ: ਚੋਣਾਂ ਤੋਂ ਬਾਅਦ ਪਾਰਟੀ ਦਾ ਵਿਸਥਾਰ ਕਰਨ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ; ਕੋਈ ਨਵਾਂ ਮੈਂਬਰ ਭਰਤੀ ਨਹੀਂ ਕੀਤਾ ਗਿਆ।
* ਭੌਤਿਕ ਮੌਜੂਦਗੀ: ਪਾਰਟੀ ਦਾ ਕੋਈ ਕੇਂਦਰੀ ਦਫ਼ਤਰ ਨਹੀਂ ਸੀ, ਜਿਸ ਕਾਰਨ ਤਾਲਮੇਲ ਅਤੇ ਜਨਤਾ ਤੱਕ ਪਹੁੰਚ ਅਸੰਭਵ ਹੋ ਗਈ ਸੀ।
* ਜਨਤਕ ਸੇਵਾ: ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਜਾਂ ਸਹਾਇਤਾ ਪ੍ਰਦਾਨ ਕਰਨ ਲਈ ਕੋਈ ਰਸਮੀ ਪ੍ਰਣਾਲੀ ਨਹੀਂ ਸੀ, ਜੋ ਕਿ ਇੱਕ ਰਾਜਨੀਤਿਕ ਪਾਰਟੀ ਦਾ ਮੁੱਖ ਫਰਜ਼ ਹੈ।


3.2 ਥੰਮ੍ਹ 2: ਵਿੱਤੀ ਇਮਾਨਦਾਰੀ ਅਤੇ ਅਨੁਸ਼ਾਸਨ

ਡਾ. ਅੰਬੇਡਕਰ ਇਸ ਵਿਆਪਕ ਰਾਜਨੀਤਿਕ ਸੱਚਾਈ ਨੂੰ ਸਮਝਦੇ ਸਨ ਕਿ ਵਿੱਤੀ ਹਫੜਾ-ਦਫੜੀ ਅੰਦਰੂਨੀ ਭ੍ਰਿਸ਼ਟਾਚਾਰ ਅਤੇ ਜਨਤਕ ਅਵਿਸ਼ਵਾਸ ਵੱਲ ਲੈ ਜਾਂਦੀ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਪੁੱਛਿਆ, "ਪੈਸੇ ਤੋਂ ਬਿਨਾਂ ਰਾਜਨੀਤੀ ਕਿਵੇਂ ਚਲਾਈ ਜਾਵੇ?" ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿੱਤੀ ਕੁਪ੍ਰਬੰਧ ਪਾਰਟੀ ਨੂੰ ਤਬਾਹ ਕਰ ਦੇਵੇਗਾ ਅਤੇ ਸੰਸਥਾਗਤ ਇਮਾਨਦਾਰੀ ਬਣਾਉਣ ਲਈ ਸਖ਼ਤ ਨਿਯਮ ਬਣਾਏ।

### ਹਿਦਾਇਤ

ਫੰਡਿੰਗ ਲਈ ਕਿਸੇ ਇੱਕ ਵਿਅਕਤੀ 'ਤੇ ਨਿਰਭਰ ਨਾ ਕਰੋ।

ਇਹ ਯਕੀਨੀ ਬਣਾਉਣ ਲਈ ਕਿ ਪਾਰਟੀ ਇੱਕਲੇ ਦਾਨੀ ਦੁਆਰਾ ਨਿਯੰਤਰਿਤ ਨਾ ਹੋਵੇ ਅਤੇ ਕਈ ਸਥਾਈ ਮੈਂਬਰਾਂ ਤੋਂ ਇੱਕ ਸਥਿਰ ਫੰਡਿੰਗ ਅਧਾਰ ਹੋਵੇ।



ਪਾਰਟੀ ਦੇ ਪੈਸੇ ਨੂੰ 2-5 ਲੋਕਾਂ ਦੇ ਨਾਮ 'ਤੇ ਬੈਂਕ ਵਿੱਚ ਰੱਖੋ।

ਕਿਸੇ ਵੀ ਇੱਕ ਵਿਅਕਤੀ ਨੂੰ ਪਾਰਟੀ ਫੰਡਾਂ ਨੂੰ ਕੰਟਰੋਲ ਕਰਨ ਜਾਂ ਦੁਰਵਰਤੋਂ ਕਰਨ ਤੋਂ ਰੋਕਣ ਲਈ।

ਦਾਨਾਂ ਦੇ ਮਹੀਨਾਵਾਰ ਰਿਕਾਰਡ ਜਮ੍ਹਾਂ ਕਰੋ।

ਸਾਰੇ ਵਿੱਤੀ ਮਾਮਲਿਆਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ।

### 3.3 ਥੰਮ੍ਹ 3: ਅਟੱਲ ਅਨੁਸ਼ਾਸਨ

ਡਾ. ਅੰਬੇਡਕਰ ਲਈ, ਸਖ਼ਤ ਪਾਰਟੀ ਅਨੁਸ਼ਾਸਨ ਸਿਰਫ਼ ਨਿਯਮਾਂ ਦੀ ਪਾਲਣਾ ਕਰਨ ਤੋਂ ਵੱਧ ਸੀ; ਇਹ ਧੜੇਬੰਦੀ ਨੂੰ ਰੋਕਣ ਲਈ ਜ਼ਰੂਰੀ ਰਾਜਨੀਤਿਕ ਸੀਮੈਂਟ ਸੀ।

1. ਨਿੱਜੀ ਰੰਜਿਸ਼ਾਂ ਨੂੰ ਭੁੱਲਣਾ: ਉਸਨੇ ਸਲਾਹ ਦਿੱਤੀ ਕਿ ਰਾਜਨੀਤਿਕ ਦਲੀਲਾਂ ਨੂੰ ਤੁਰੰਤ ਭੁੱਲ ਜਾਣਾ ਚਾਹੀਦਾ ਹੈ, ਜਿਵੇਂ ਕਿ ਪਾਟਿਲ ਅਤੇ ਹਰਦਾਸ ਵਿਚਕਾਰ ਹੋਇਆ ਸੀ। ਨਿੱਜੀ ਸ਼ਿਕਾਇਤਾਂ ਨੂੰ ਪਾਰਟੀ ਦੇ ਹਿੱਤਾਂ 'ਤੇ ਪਰਛਾਵਾਂ ਨਹੀਂ ਹੋਣਾ ਚਾਹੀਦਾ।
2. ਲੀਡਰਸ਼ਿਪ ਦਾ ਸਮਰਥਨ: ਉਸਨੇ ਨਿਯੁਕਤ ਪ੍ਰਬੰਧਕ (ਭਰਾ ਜੈਵੰਤ) ਦਾ ਵਿਰੋਧ ਕਰਨ ਦੀ ਬਜਾਏ ਉਸਦਾ ਸਮਰਥਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਕਿਉਂਕਿ ਅੰਦਰੂਨੀ ਕਲੇਸ਼ ਅੰਦੋਲਨ ਨੂੰ ਕਮਜ਼ੋਰ ਕਰਦਾ ਹੈ।
3. ਪਾਰਟੀ ਪ੍ਰਤੀ ਵਫ਼ਾਦਾਰੀ: ਉਸਦਾ ਨਿਯਮ ਸਪੱਸ਼ਟ ਸੀ: ਸੁਤੰਤਰ ਲੇਬਰ ਪਾਰਟੀ ਦਾ ਮੈਂਬਰ ਕਿਸੇ ਹੋਰ ਰਾਜਨੀਤਿਕ ਪਾਰਟੀ ਦਾ ਮੈਂਬਰ ਨਹੀਂ ਹੋ ਸਕਦਾ। ਹਾਲਾਂਕਿ, ਉਸਨੇ ਸਪੱਸ਼ਟ ਕੀਤਾ: "ਰਾਜਨੀਤੀ ਤੋਂ ਇਲਾਵਾ, ਉਹ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਸ਼ਾਮਲ ਹੋ ਸਕਦੇ ਹਨ।"
4. ਕੇਂਦਰੀ ਨਿਯੰਤਰਣ: ਉਸਦਾ ਦ੍ਰਿੜ ਵਿਸ਼ਵਾਸ ਸੀ ਕਿ ਮੁੱਖ ਦਫਤਰ ਦਾ ਸਾਰੀਆਂ ਸ਼ਾਖਾਵਾਂ 'ਤੇ ਪੂਰਾ ਨਿਯੰਤਰਣ ਹੋਣਾ ਚਾਹੀਦਾ ਹੈ। ਉਸਨੇ ਆਪਣੇ ਆਪ ਨੂੰ ਇਸ ਮਾਮਲੇ ਵਿੱਚ ਇੱਕ "ਅਨੁਸ਼ਾਸਨ ਪਾਲਣ ਵਾਲਾ" ਅਤੇ ਲਗਭਗ ਇੱਕ "ਤਾਨਾਸ਼ਾਹ" ਦੱਸਿਆ, ਇੱਕ ਮਜ਼ਬੂਤ, ਕੇਂਦਰੀਕ੍ਰਿਤ ਢਾਂਚੇ ਦੀ ਮਹੱਤਤਾ ਨੂੰ ਉਜਾਗਰ ਕੀਤਾ।

## 4. ਘੱਟ ਗਿਣਤੀ ਰਾਜਨੀਤੀ ਦੀ ਕਠੋਰ ਹਕੀਕਤ

ਡਾ. ਅੰਬੇਡਕਰ ਨੇ ਵਫ਼ਦ ਨੂੰ ਉਨ੍ਹਾਂ ਦੀ ਰਾਜਨੀਤਿਕ ਸਥਿਤੀ ਦਾ ਇੱਕ ਵਿਹਾਰਕ ਅਤੇ ਸਪੱਸ਼ਟ ਮੁਲਾਂਕਣ ਪ੍ਰਦਾਨ ਕੀਤਾ। ਕਿਸੇ ਵੀ ਉਲਝਣ ਨੂੰ ਦੂਰ ਕਰਨ ਲਈ, ਉਸਨੇ ਇੱਕ ਅਭੁੱਲ ਪੇਂਡੂ ਸਮਾਨਤਾ ਦੀ ਵਰਤੋਂ ਕੀਤੀ:

"ਭਾਵੇਂ ਡੱਡੂ ਫੁੱਲ ਜਾਵੇ, ਇਹ ਬਲਦ ਜਿੰਨਾ ਵੱਡਾ ਨਹੀਂ ਹੋ ਸਕਦਾ।"

ਇਸਦਾ ਸਿੱਧਾ ਮਤਲਬ ਸੀ ਕਿ, ਇੱਕ ਘੱਟ ਗਿਣਤੀ ਸਮੂਹ ਦੇ ਰੂਪ ਵਿੱਚ, ਉਹ ਇਕੱਲੇ ਰਾਜਨੀਤਿਕ ਸ਼ਕਤੀ ਪ੍ਰਾਪਤ ਨਹੀਂ ਕਰ ਸਕਦੇ ਸਨ। ਉਸਨੇ ਉਸ ਸਮੇਂ ਰਾਜਨੀਤਿਕ ਸਥਾਪਨਾ ਦੇ ਡੂੰਘੇ ਸਰਪ੍ਰਸਤੀ ਵਾਲੇ ਰਵੱਈਏ ਨੂੰ ਉਜਾਗਰ ਕਰਨ ਲਈ ਮਹਾਤਮਾ ਗਾਂਧੀ ਦੁਆਰਾ ਕੀਤੀ ਗਈ ਇੱਕ ਟਿੱਪਣੀ ਦਾ ਵੀ ਹਵਾਲਾ ਦਿੱਤਾ:

"ਇਹ ਲੋਕ (ਅਛੂਤ) ਅਣਜਾਣ ਹਨ। ਉਨ੍ਹਾਂ ਕੋਲ ਕੋਈ ਇੱਛਾ ਨਹੀਂ ਹੈ। ਇੱਕ ਨੂੰ ਮੰਤਰੀ ਬਣਾ ਕੇ, ਤੁਸੀਂ ਉਸਦੇ ਮਨ ਵਿੱਚ ਲਾਲਚ/ਮਹਿਮਾ ਪੈਦਾ ਕੀਤੀ ਹੈ।"

ਇਸ ਪਿਛੋਕੜ ਦੇ ਵਿਰੁੱਧ, ਉਸਨੇ ਹੇਠ ਲਿਖੀ ਰਣਨੀਤਕ ਸਲਾਹ ਦਿੱਤੀ:

• ਬਹੁਮਤ ਦੀ ਜ਼ਰੂਰਤ: ਆਧੁਨਿਕ ਰਾਜਨੀਤੀ ਬਹੁਮਤ ਦੇ ਸ਼ਾਸਨ 'ਤੇ ਕੰਮ ਕਰਦੀ ਹੈ, ਇਸ ਲਈ ਬਚਣ ਅਤੇ ਸਫਲ ਹੋਣ ਲਈ, ਉਨ੍ਹਾਂ ਨੂੰ ਸਹਿਯੋਗੀ ਲੱਭਣੇ ਚਾਹੀਦੇ ਹਨ।

ਰਣਨੀਤਕ ਗੱਠਜੋੜ: ਸਫਲਤਾ ਦੂਜਿਆਂ ਤੋਂ ਸਮਰਥਨ ਪ੍ਰਾਪਤ ਕਰਨ 'ਤੇ ਨਿਰਭਰ ਕਰਦੀ ਸੀ; ਅਲੱਗ-ਥਲੱਗ ਹੋਣਾ ਇੱਕ ਵਿਕਲਪ ਨਹੀਂ ਸੀ।

ਵਿਰੋਧੀ ਧਿਰ ਨੂੰ ਵੰਡਣਾ: ਉਸਨੇ ਕਾਂਗਰਸ ਵਰਗੀ ਬਹੁਗਿਣਤੀ ਪਾਰਟੀ ਦੇ ਅੰਦਰ ਵੰਡ ਪੈਦਾ ਕਰਨ ਲਈ ਇੱਕ ਵਿਹਾਰਕ ਰਣਨੀਤੀ ਦਾ ਸੁਝਾਅ ਦਿੱਤਾ, ਜਿਵੇਂ ਕਿ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਲਈ ਡਾ. ਖਰੇ ਵਰਗੇ ਅਸੰਤੁਸ਼ਟਾਂ ਦਾ ਫਾਇਦਾ ਉਠਾਉਣਾ।

## 5. ਕਾਰਜ ਯੋਜਨਾ: ਸਫਲਤਾ ਲਈ ਇੱਕ ਸਪੱਸ਼ਟ ਖਾਕਾ

ਸਿਰਫ਼ ਸਮੱਸਿਆਵਾਂ ਦੀ ਪਛਾਣ ਕਰਨ ਦੀ ਬਜਾਏ, ਡਾ. ਅੰਬੇਡਕਰ ਨੇ ਪਾਰਟੀ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਸਪੱਸ਼ਟ, ਕਦਮ-ਦਰ-ਕਦਮ ਕਾਰਜ ਯੋਜਨਾ ਪ੍ਰਦਾਨ ਕੀਤੀ:

1. ਇੱਕ ਸੰਗਠਨਾਤਮਕ ਮੀਟਿੰਗ ਬੁਲਾਓ: ਹਰੇਕ ਜ਼ਿਲ੍ਹੇ ਤੋਂ ਪੰਜ ਮੈਂਬਰਾਂ ਅਤੇ ਸੱਤ ਵਿਧਾਇਕਾਂ ਨੂੰ ਇਕੱਠਾ ਕਰਕੇ ਸੁਤੰਤਰ ਲੇਬਰ ਪਾਰਟੀ ਦੀ ਰਸਮੀ ਤੌਰ 'ਤੇ ਸਥਾਪਨਾ ਕਰੋ।
2. ਇੱਕ ਕਮੇਟੀ ਨਿਯੁਕਤ ਕਰੋ: ਕੰਮ ਸ਼ੁਰੂ ਕਰਨ ਲਈ ਤੁਰੰਤ ਇੱਕ ਕਮੇਟੀ ਬਣਾਓ, ਜਿਸ ਤੋਂ ਬਾਅਦ ਸਹੀ ਚੋਣਾਂ ਹੋਣ।
3. ਪੈਸੇ ਦਾ ਪ੍ਰਬੰਧਨ ਕਰੋ: ਇੱਕ ਸਕੱਤਰ ਨਿਯੁਕਤ ਕਰੋ, ਇੱਕ ਦਫ਼ਤਰ ਕਿਰਾਏ 'ਤੇ ਲਓ, ਅਤੇ ਦਾਨ ਦੇ ਪ੍ਰਬੰਧਨ ਲਈ ਇੱਕ ਪਾਰਦਰਸ਼ੀ ਪ੍ਰਣਾਲੀ ਸਥਾਪਤ ਕਰੋ।
4. ਨੇਤਾਵਾਂ ਨੂੰ ਧਿਆਨ ਨਾਲ ਚੁਣੋ: ਸਿਰਫ਼ ਸਭ ਤੋਂ ਵਧੀਆ, ਸਭ ਤੋਂ ਯੋਗ ਲੋਕਾਂ ਦੀ ਚੋਣ ਕਰੋ ਜੋ ਸਮਾਜਿਕ ਕੰਮ ਨੂੰ ਸਮਝਦੇ ਹਨ, ਨਾ ਕਿ ਭਾਈ-ਭਤੀਜਾਵਾਦ ਦੇ ਆਧਾਰ 'ਤੇ ਰਿਸ਼ਤੇਦਾਰਾਂ ਨੂੰ।
5. ਆਪਣੇ ਖੇਤਰ ਦਾ ਨਕਸ਼ਾ ਬਣਾਓ: ਵੋਟਰ ਵੰਡ, ਰਾਖਵੀਆਂ ਸੀਟਾਂ ਅਤੇ ਨਿਸ਼ਾਨਾ ਖੇਤਰਾਂ ਨੂੰ ਦਰਸਾਉਂਦਾ ਕੇਂਦਰੀ ਪ੍ਰਾਂਤ ਦਾ ਇੱਕ ਵਿਸਤ੍ਰਿਤ ਨਕਸ਼ਾ ਬਣਾਓ, ਅਤੇ ਇਸਨੂੰ ਰਣਨੀਤਕ ਯੋਜਨਾਬੰਦੀ ਲਈ ਉਨ੍ਹਾਂ ਨੂੰ ਭੇਜੋ।

## 6. ਸਿੱਟਾ: ਸਥਾਈ ਸਿਆਣਪ

ਡਾ. ਅੰਬੇਡਕਰ ਦੀ ਸਲਾਹ ਸਿਰਫ਼ ਇੱਕ ਝਿੜਕ ਨਹੀਂ ਸੀ, ਸਗੋਂ ਰਾਜਨੀਤਿਕ ਬਚਾਅ ਅਤੇ ਸਫਲਤਾ ਲਈ ਇੱਕ ਜ਼ਰੂਰੀ ਮਾਰਗਦਰਸ਼ਕ ਸੀ। ਅਨੁਸ਼ਾਸਿਤ ਸੰਗਠਨ, ਵਿੱਤੀ ਇਮਾਨਦਾਰੀ, ਅੰਦਰੂਨੀ ਏਕਤਾ ਅਤੇ ਸਮਾਰਟ ਰਣਨੀਤੀ ਰਾਹੀਂ ਜ਼ਮੀਨੀ ਪੱਧਰ 'ਤੇ ਇੱਕ ਲਹਿਰ ਬਣਾਉਣ 'ਤੇ ਉਨ੍ਹਾਂ ਦਾ ਜ਼ੋਰ ਅੱਜ ਵੀ ਰਾਜਨੀਤੀ ਜਾਂ ਭਾਈਚਾਰਕ ਲੀਡਰਸ਼ਿਪ ਦੇ ਕਿਸੇ ਵੀ ਵਿਦਿਆਰਥੀ ਲਈ ਇੱਕ ਸ਼ਕਤੀਸ਼ਾਲੀ ਸਬਕ ਹੈ। ਇਹ ਇੱਕ ਸਥਾਈ ਯਾਦ ਦਿਵਾਉਂਦਾ ਹੈ ਕਿ ਸੱਚੀ ਰਾਜਨੀਤਿਕ ਸ਼ਕਤੀ ਇੱਕ ਮਜ਼ਬੂਤ, ਅਨੁਸ਼ਾਸਿਤ ਅਤੇ ਉਦੇਸ਼ਪੂਰਨ ਸੰਗਠਨ ਬਣਾਉਣ ਤੋਂ ਆਉਂਦੀ ਹੈ ਜੋ ਆਪਣੇ ਲੋਕਾਂ ਦੀ ਸੇਵਾ ਲਈ ਤਿਆਰ ਕੀਤਾ ਗਿਆ ਹੈ।

# ਸਵ.ਬੂਟਾ ਸਿੰਘ ਬਾਰੇ ਨਸਲਵਾਦੀ ਟਿੱਪਣੀ ਕਰਨ ਵਾਲੇ ਰਾਜਾ ਵੜਿੰਗ ਖਿਲਾਫ ਹੋਵੇ ਸਖ਼ਤ ਕਾਰਵਾਈ - ਮਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

ਫਗਵਾੜਾ 3 ਨਵੰਬਰ (ਸ਼ਿਵ ਕੋੜਾ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਸਵ. ਬੂਟਾ ਸਿੰਘ ਬਾਰੇ ਕੀਤੀ ਇਤਰਾਜਯੋਗ ਟਿੱਪਣੀ ਨੂੰ ਲੈ ਕੇ ਸਖ਼ਤ ਰੁੱਖ ਇਖਤਿਆਰ ਕਰਦਿਆਂ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਨੇ ਅੱਜ ਇੱਥੇ ਤਲਖ ਅੰਦਾਜ ਵਿੱਚ ਕਿਹਾ ਕਿ ਰਾਜਾ ਵੜਿੰਗ ਸਵ. ਬੂਟਾ ਸਿੰਘ ਦੇ ਚਰਨਾਂ ਦੀ ਧੂੜ ਦੇ ਬਰਾਬਰ ਵੀ ਨਹੀਂ ਹਨ। ਉਹਨਾਂ ਕਿਹਾ ਕਿ ਰਾਜਾ ਵੜਿੰਗ ਨੂੰ ਨਸਲਵਾਦੀ ਟਿੱਪਣੀ ਕਰਨ ਤੋਂ ਪਹਿਲਾਂ ਸਰਦਾਰ ਬੂਟਾ ਸਿੰਘ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਸੀ। ਦੱਸਣਯੋਗ ਹੈ ਕਿ ਆਪ ਆਗੂ ਹਰਜੀ ਮਾਨ ਦੇ ਪਿਤਾ ਅਤੇ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਸ. ਜੋਗਿੰਦਰ ਸਿੰਘ ਮਾਨ ਸਵ. ਬੂਟਾ ਸਿੰਘ ਦੇ ਭਾਣਜੇ ਹਨ। ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਇਕ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਹੈ, ਜਿਸ ਵਿੱਚ ਉਹ ਤਰਨਤਾਰਨ ਵਿਧਾਨਸਭਾ ਜਿਮਨੀ ਚੋਣ ਪ੍ਰਚਾਰ ਮੁਹਿਮ ਦੌਰਾਨ ਸਵ. ਬੂਟਾ ਸਿੰਘ ਨੂੰ 'ਪੱਠੇ ਕੁਤਰਨ ਵਾਲਾ ਕਾਲਾ ਆਦਮੀ' ਕਹਿੰਦੇ ਹਨ ਅਤੇ ਦੱਸਦੇ ਹਨ ਕਿ ਕਾਂਗਰਸ ਪਾਰਟੀ ਨੇ ਉਹਨਾਂ ਨੂੰ ਦੇਸ਼ ਦਾ ਗ੍ਰਹਿ ਮੰਤਰੀ ਬਣਾਇਆ। ਹਰਜੀ ਮਾਨ ਨੇ ਕਿਹਾ ਕਿ ਬੂਟਾ ਸਿੰਘ ਨੇ ਸਿਆਸਤ ਵਿੱਚ ਜੋ ਕੁੱਝ ਵੀ ਹਾਸਲ ਕੀਤਾ, ਉਹ ਆਪਣੀ ਮਿਹਨਤ ਦੇ ਬਲਬੂਤੇ ਹਾਸਲ ਕੀਤਾ ਹੈ ਕਿਸੇ ਦੇ ਰਹਿਮੋ-ਕਰਮ ਦੇ ਨਾਲ ਨਹੀਂ। ਉਹਨਾਂ ਕਿਹਾ ਕਿ ਸਰਦਾਰ ਬੂਟਾ ਸਿੰਘ ਬਚਪਨ 'ਚ ਗਰੀਬੀ ਦੇ ਨਾਲ ਸੰਘਰਸ਼ ਕਰਦੇ ਹੋਏ ਪਾਠੀ ਸਿੰਘ ਵਜੋਂ ਦਸਾਂ ਨਹੁੰਾਂ ਦੀ ਕਿਰਤ ਕੀਤੀ ਅਤੇ ਖਾਲਸਾ ਕਾਲਜ ਜਲੰਧਰ ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। ਉਹ ਪੱਤਰਕਾਰਤਾ ਕਰਦੇ ਹੋਏ ਪੰਜਾਬ ਦੇ ਮਸਲਿਆਂ ਸਬੰਧੀ ਲੇਖ ਲਿਖਦੇ ਰਹੇ। ਉਹਨਾਂ ਦੀ ਕਾਬਲੀਅਤ ਨੂੰ ਦੇਖ ਕੇ ਮਾਸਟਰ ਤਾਰਾ ਸਿੰਘ ਨੇ ਉਹਨਾਂ ਨੂੰ ਅਕਾਲੀ ਦਲ ਤੋਂ ਲੋਕਸਭਾ ਦੀ ਚੋਣ ਲੜਵਾਈ ਅਤੇ ਸਰਦਾਰ ਬੂਟਾ ਸਿੰਘ ਨੇ ਭਾਰਤ ਦੀ ਲੋਕਸਭਾ ਵਿੱਚ ਪੰਜਾਬ ਦੇ ਮਸਲਿਆਂ ਨੂੰ ਪ੍ਰਮੁੱਖਤਾ ਦੇ ਨਾਲ ਚੁੱਕਿਆ। ਬਾਅਦ ਵਿੱਚ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਆਪਣੀ ਮਿਹਨਤ ਅਤੇ ਕਾਬਲੀਅਤ ਸਦਕਾ ਦੇਸ਼ ਦੇ ਗ੍ਰਹਿ ਮੰਤਰੀ ਬਣੇ। ਇਸ ਤੋਂ ਇਲਾਵਾ ਉਹ ਅੱਠ ਵਾਰ ਮੈਂਬਰ ਪਾਰਲੀਮੈਂਟ ਰਹੇ। ਹਰਜੀ ਮਾਨ ਨੇ ਕਿਹਾ ਕਿ 1982 ਦੀਆਂ ਏਸ਼ੀਆਡ ਖੇਡਾਂ ਦੇ ਦਿੱਲੀ 'ਚ ਸਫਲ ਆਯੋਜਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਦੇਸ਼ ਦੇ ਸਾਬਕਾ ਰੇਲ ਮੰਤਰੀ, ਗ੍ਰਹਿ ਮੰਤਰੀ ਅਤੇ ਐਸ.ਸੀ. ਕਮਿਸ਼ਨ ਭਾਰਤ



ਦੇ ਚੇਅਰਮੈਨ ਵਰਗੀ ਵੱਡੀ ਤੇ ਉੱਚੀ ਸ਼ਖਸੀਅਤ ਬਾਰੇ ਬਹੁਤ ਹੀ ਘਟੀਆ ਤੇ ਨਸਲਵਾਦੀ ਟਿੱਪਣੀ ਕਰਨ ਵਾਲੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਖਿਲਾਫ ਨਾ ਸਿਰਫ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ ਬਲਕਿ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਵੀ ਉਤਾਰਿਆ ਜਾਣਾ ਚਾਹੀਦਾ ਹੈ। ਉਹਨਾਂ ਕਾਂਗਰਸ ਤੋਂ ਵੀ ਸਵਾਲ ਪੁੱਛਿਆ ਕਿ ਪਾਰਟੀ ਦੇ ਚਾਨਣ ਮੁਨਾਰੇ ਰਹੇ ਪੁਰਾਣੇ ਤੇ ਸੀਨੀਅਰ ਲੀਡਰਾਂ ਦਾ ਪਾਰਟੀ ਵਿੱਚ ਕੀ ਇਹੋ ਸਤਿਕਾਰ ਹੈ? ਜਿਹਨਾਂ ਨੇ ਪਾਰਟੀ ਨੂੰ ਸਿਖਰਾਂ ਤੇ ਪਹੁੰਚਾਇਆ, ਉਹਨਾਂ ਬਾਰੇ ਨਵੀਂ ਪੀੜ੍ਹੀ ਦੇ ਕਾਂਗਰਸੀ ਆਗੂ ਇਸ ਤਰ੍ਹਾਂ ਦੇ ਘਿਨਾਉਣੇ ਵਿਚਾਰ ਰੱਖਦੇ ਹਨ?

# ਅੰਦਰੂਨੀ ਸਮੱਸਿਆਵਾਂ ਨਾਲ ਜੂਝਦਾ ਸਾਡਾ ਦੇਸ਼

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com



ਸੁਖਦੀਪ ਕੌਰ ਬਾਵਾ,
ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦਿਉਣ(ਬਠਿੰਡਾ),
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਭਾਰਤ ਅੱਜ ਬਾਹਰੀ ਸਮੱਸਿਆਵਾਂ ਨਾਲੋਂ ਅੰਦਰੂਨੀ ਸਮੱਸਿਆਵਾਂ ਨਾਲ ਜ਼ਿਆਦਾ ਜੂਝ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਦੀਆਂ ਕਈ ਕਿਸਮਾਂ ਹਨ। ਪਰ ਮੁੱਖ ਤੌਰ 'ਤੇ ਦੋ ਅੰਦਰੂਨੀ ਸਮੱਸਿਆਵਾਂ ਹਨ: ਪਹਿਲੀ. ਭ੍ਰਿਸ਼ਟਾਚਾਰ ਦੀ ਸਮੱਸਿਆ ਦੂਜੀ ਹੈ, ਮਹਿੰਗਾਈ ਦੀ ਸਮੱਸਿਆ। ਇਨ੍ਹਾਂ ਸਮੱਸਿਆਵਾਂ ਕਾਰਨ ਸਾਫ਼-ਸੁਥਰੇ ਅਤੇ ਇਮਾਨਦਾਰ ਲੋਕਾਂ ਦਾ ਜੀਵਨ ਜਿਉਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਮਹਿੰਗਾਈ ਇੰਨੀ ਵੱਧ ਗਈ ਹੈ ਕਿ ਆਮ ਆਦਮੀ ਭੁੱਖਾ ਮਰਨ ਦੇ ਕਗਾਰ 'ਤੇ ਹੈ। ਅੱਜ ਇੱਕ ਗਰੀਬ ਆਦਮੀ ਪ੍ਰਤੀ ਮਹੀਨਾ ਦਸ ਹਜ਼ਾਰ ਰੁਪਏ ਤੋਂ ਵੱਧ ਨਹੀਂ ਕਮਾ ਸਕਦਾ ਜਦੋਂ ਕਿ ਉਸ ਦੇ ਪਰਿਵਾਰ ਦਾ ਖਰਚਾ ਵੀਹ ਹਜ਼ਾਰ ਰੁਪਏ ਮਹੀਨਾ ਹੈ। ਅਜਿਹੀ ਸਥਿਤੀ ਵਿੱਚ ਉਸਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ? ਉਸਨੂੰ ਘਰ ਦਾ ਕਿਰਾਇਆ ਦੇਣਾ ਚਾਹੀਦਾ ਹੈ ਜਾਂ ਰਸੋਈ ਦੇ ਖਰਚੇ ਪੂਰੇ ਕਰਨੇ ਚਾਹੀਦੇ ਹਨ ਜਾਂ ਕੱਪੜਿਆਂ 'ਤੇ ਖਰਚ ਕਰਨਾ ਚਾਹੀਦਾ । ਜਾਂ ਉਸ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਪੈਸਾ ਖਰਚ ਕਰਨਾ ਚਾਹੀਦਾ ਹੈ। ਜਿਸ ਦੇਸ਼ ਵਿੱਚ ਦਾਲ 150 ਤੋਂ 200 ਰੁਪਏ ਪ੍ਰਤੀ ਕਿਲੋ ਵਿਕ ਰਹੀ ਹੈ। ਕੋਈ ਵੀ ਸਬਜ਼ੀ ਚਾਲੀ-ਪੰਜਾਹ ਰੁਪਏ ਪ੍ਰਤੀ ਕਿਲੋ ਤੋਂ ਘੱਟ ਨਹੀਂ, ਤੁਸੀਂ ਦੱਸੋ ਤਾਂ ਕੋਈ ਕਿਵੇਂ ਜਿਉਂਦਾ ਰਹੇਗਾ। ਇਸ ਮਹਿੰਗਾਈ ਨੂੰ ਕਾਬੂ ਕਰਨ ਲਈ ਛੋਟਾ ਵਰਗ ਭ੍ਰਿਸ਼ਟਾਚਾਰ ਵਿੱਚ ਲਿਪਤ ਹੈ। ਅਤੇ ਉੱਚ ਵਰਗ ਆਪਣੀ ਦੌਲਤ ਵਧਾਉਣ ਲਈ ਇਹ ਤਰੀਕਾਅਪਣਾ ਲੈਂਦਾ ਹੈ। ਮਜ਼ਦੂਰ ਵਰਗ ਅਤੇ ਹੇਠਲਾ ਮੱਧ ਵਰਗ ਮਹਿੰਗਾਈ ਤੋਂ ਇੰਨਾ ਦੁਖੀ ਹੈ ਕਿ ਉਹ ਆਪਣੇ ਆਪ ਨੂੰ ਜਿਉਂਦੀ ਲਾਸ਼ ਸਮਝਦਾ ਹੈ। ਇਸ ਤੋਂ ਇਲਾਵਾ ਸਰਕਾਰ ਨਿੱਤ ਨਵੇਂ ਟੈਕਸ ਲਗਾ ਕੇ ਕਮਰ ਤੋੜਦੀ ਹੈ। ਕੁਝ ਸਿਆਸਤਦਾਨ ਦੇਸ਼ ਵਿੱਚ ਭ੍ਰਿਸ਼ਟਾਚਾਰ ਦੀਆਂ ਜਿਉਂਦੀਆਂ ਜਾਗਦੀਆਂ ਮਿਸਾਲਾਂ ਬਣ ਚੁੱਕੇ ਹਨ। ਕਿੰਨੇ ਭ੍ਰਿਸ਼ਟ ਲੋਕਾਂ ਨੇ ਵਿਦੇਸ਼ਾਂ ਵਿੱਚ ਕਾਲਾ ਧਨ ਜਮ੍ਹਾ ਕਰਵਾਇਆ ਹੈ? ਵਿਜੇ ਮਾਲਿਆ ਵਰਗੇ ਭ੍ਰਿਸ਼ਟ ਲੋਕ ਵਿਦੇਸ਼ ਜਾ ਕੇ ਮਜੇ ਲੁੱਟ ਰਹੇ ਹਨ। ਜਦੋਂ ਖੜਕੇ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤਾਂ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਜਾਂਚ 'ਚ ਕਈ ਸਾਲ ਲੱਗ ਜਾਣਗੇ। ਸਰਕਾਰ ਬਦਲ ਜਾਏਗੀ। ਭ੍ਰਿਸ਼ਟਾਚਾਰੀਆਂ ਨੂੰ ਬਚਾਇਆ ਜਾਵੇਗਾ। ਸਦੀਆਂ ਤੋਂ ਅਜਿਹਾ ਹੁੰਦਾ ਆ ਰਿਹਾ ਹੈ ਅਤੇ ਹੁੰਦਾ ਰਹੇਗਾ। ਭਾਰਤ ਦੀਆਂਅੰਦਰੂਨੀ ਸਮੱਸਿਆਵਾਂ ਨਾਲ ਆਮ ਲੋਕ ਹੀ ਲੜ ਸਕਦੇ ਹਨ। ਭ੍ਰਿਸ਼ਟਾਚਾਰ ਅਤੇ ਮਹਿੰਗਾਈ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਉਣੀ ਪਵੇਗੀ, ਤਾਂ ਹੀ ਦੇਸ਼ ਨੂੰ ਇਨ੍ਹਾਂ ਦੋਵਾਂ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਸਕਦਾ ਹੈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਬਿਜਲੀ ਬੋਰਡ ਦਾ ਕੁੱਲ ਮੁਲਾਜ਼ਮਾ ਨੇ ਅੱਜ ਪੰਜਾਬ ਅੰਦਰ ਸਰਕਲ ਪੱਧਰ ਤੇ ਹੋਏ ਰੋਸ਼ ਪ੍ਰਦਰਸ਼ਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਇਆ ਸ਼੍ਰੀ ਹਰਮੇਸ਼ ਸਿੰਘ ਸਰਕਲ ਪ੍ਰਧਾਨ ਐਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਸਰਕਲ ਖੰਨਾ ਨੰ ਦੱਸਿਆ ਕਿ ਸਾਂਝਾ ਸੰਘਰਸ਼ੀਲ ਮੋਰਚਾ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਅੱਜ ਸਰਕਲ ਖੰਨਾ ਦੇ ਗੇਟ ਤੇ ਸਾਂਝੇ ਤੌਰ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ । ਜਿਸ ਵਿੱਚ ਬੁਲਾਰੇ ਸਾਥੀਆ ਨੇ ਪੰਜਾਬ ਸਰਕਾਰ ਦੀ ਮੁਲਾਜ਼ਮ ਮਾਰੂ ਨੀਤੀ ਅਤੇ ਵੱਖ-ਵੱਖ ਅਦਾਰਿਆ ਦੀਆਂ ਜ਼ਮੀਨਾਂ ਵੇਚਣ ਦੀ ਘੋਰ ਨਿੰਦਿਆ ਕੀਤੀ । ਬਿਜਲੀ ਬੋਰਡ ਦੀ ਜੋ ਜ਼ਮੀਨ ਗਰਿੱਡਾਂ ਦੇ ਨਾਲ, ਕਲੋਨੀਆਂ ਦੇ ਨਾਲ, ਦਫਤਰਾਂ ਦੇ ਨਾਲ ਪਈ ਹੈ, ਸਰਕਾਰ ਉਸ ਨੂੰ ਹੜੱਪ ਕਰਨ ਲਈ ਕੋਡੀਆਂ ਦੇ ਭਾਅ ਵੇਚਣ ਜਾ ਰਹੀ ਹੈ । ਬਿਜਲੀ ਬੋਰਡ ਦਾ ਕੁੱਲ ਮੁਲਾਜ਼ਮਾ ਨੇ ਅੱਜ ਪੰਜਾਬ ਅੰਦਰ ਸਰਕਲ ਪੱਧਰ ਤੇ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਰੋਸ਼ ਪ੍ਰਦਰਸ਼ਨ ਕੀਤਾ । ਬੁਲਾਰਿਆ ਨੇ ਮੁਲਾਜ਼ਮ ਵਿਰੋਧੀ ਫੰਡਾ ਜਿਵੇਂ ਕਿ ਪੱਕੇ ਰੁਜ਼ਗਾਰ ਨੂੰ ਬੰਦ ਕਰਨਾ, ਠੇਕੇਦਾਰੀ ਸਿਸਟਿਮ ਨੂੰ ਬਡਾਵਾ ਦੇਣਾ, ਮਹਿਗਾਈ ਭੱਤਾ ਰੋਕਣਾ, ਮੁਲਾਜ਼ਲ/ ਅਧਿਕਾਰੀਆਂ ਨੂੰ ਵੇ-ਵਜਾ ਤੰਗ ਪ੍ਰੇਸ਼ਾਨ ਕਰਕੇ ਮੁਅੱਤਲ ਕਰਨਾ, ਗਰਿੱਡਾਂ ਦੇ ਉੱਤੇ ਕੰਮ ਕਰਦੇ ਸਟਾਫ ਦੀ ਸੇਫਟੀ ਨਾ ਕਰਨਾ ਅਤੇ ਬਿਜਲੀ ਬਿਲ 2025 ਲੋਕ ਵਿਰੋਧੀ ਅਤੇ ਮੁਲਾਜ਼ਮ ਵਿਰੋਧੀ ਵਗੈਰਾ ਮੰਗਾਂ ਮਸਲਿਆਂ ਤੇ ਚੇਤਨ ਕੀਤਾ ਗਿਆ । ਜਿਸ ਵਿੱਚ ਹਰਜਿੰਦਰ ਸਿੰਘ ਖੰਨਾ, ਮੱਖਣ ਸਿੰਘ, ਜਗਦੇਵ ਸਿੰਘ, ਜਸਪਾਲ ਸਿੰਘ, ਜਸਵੀਰ ਸਿੰਘ, ਪਰਮਿੰਦਰ ਸਿੰਘ, ਹਰਜਿੰਦਰ ਸਿੰਘ, ਪਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਲਖਵੀਰ ਸਿੰਘ, ਕੰਵਲਜੀਤ ਸਿੰਘ, ਵਿਧੀ ਚੰਦ , ਗੁਰਦੀਪ ਸਿੰਘ, ਮਨਪ੍ਰੀਤ ਸਿੰਘ, ਅਮਰੀਕ ਸਿੰਘ ਆਦਿ ਨੇ ਸੰਬੋਧਨ ਕੀਤਾ । ਬੁਲਾਰਿਆ ਤੋਂ ਇਲਾਵਾ ਸੈਕੜੇ ਸਾਥੀਆ ਨੇ ਇਸ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਸੰਜੀਵ ਕੁਮਾਰ, ਇੰਦਰਜੀਤ ਸਿੰਘ, ਹਰਦੀਪ ਸਿੰਘ,ਰੋਹਿਤ ਕੁਮਾਰ, ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਸੁਖਵੀਰ



ਸਿੰਘ, ਮੱਘਰ ਸਿੰਘ ਭੜੀ, ਜਤਿੰਦਰ ਸਿੰਘ, ਅਨੂਪ ਸਿੰਘ, ਆਦਿ ਹਾਜ਼ਰ ਸਨ । ਬੁਲਾਰੇ ਸਾਥੀਆ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਸਰਕਾਰ ਮੁਲਾਜ਼ਮ ਅਤੇ ਲੋਕ ਮਾਰੂ ਨੀਤੀਆਂ ਨੂੰ ਵਾਪਿਸ ਲਵੇ । ਮੁਲਾਜ਼ਮਾ ਦੇ ਮਸਲੇ ਹੱਲ ਕੀਤੇ ਜਾਣ ਨਹੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਨੂੰ ਮੂੰਹ ਦੀ ਖਾਣੀ ਪਵੇਗੀ

# ਬਸਪਾ ਨੂੰ ਦੇਸ਼ ਦਾ ਸ਼ਾਸਕ ਬਣਾਉਣ ਲਈ ਭੈਣ ਮਾਇਆਵਤੀ ਜੀ ਦਾ ਸੁਨੇਹਾ ਘਰ ਘਰ ਪੁੱਜਦਾ ਕਰੋ--ਪ੍ਰਵੀਨ ਬੰਗਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

ਲੁਧਿਆਣਾ (ਚਰਨਜੀਤ ਸੱਲ੍ਹਾਂ )ਸਾਹਿਬ ਕਾਂਸ਼ੀ ਰਾਮ ਜੀ ਵਲੋਂ ਸੁਰੂ ਕੀਤੇ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਨੂੰ ਪੂਰਾ ਕਰਨ ਲਈ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆ ਵਤੀ ਜੀ ਦੀ ਅਗਵਾਈ ਵਿੱਚ ਬਹੁਜਨ ਸਮਾਜ ਨੂੰ ਸ਼ਾਸਕ ਬਣਾਉਣ ਦੇ ਉਦੇਸ਼ ਦੀ ਪ੍ਰਾਪਤੀ ਲਈ



ਪਾਰਟੀ ਦੇ ਬੂਥ ਪੱਧਰ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਆਰਥਿਕ ਤੋਰ ਤੇ ਮਜਬੂਤ ਕਰਨ ਲਈ ਹਰ ਸਾਲ ਦੀ ਤਰਾਂ ਆਰਥਿਕ ਸਹਿਯੋਗ ਲਈ ਵਿਧਾਨ ਸਭਾਵਾਂ ਦੀ ਲੀਡਰਸ਼ਿਪ ਨੂੰ ਬਸਪਾ ਪੰਜਾਬ ਵਲੋਂ ਦਿੱਤੇ ਤਹਿ ਸਮੇਂ ਵਿੱਚ ਲੁਧਿਆਣਾ ਜਿਲੇ ਦੀ ਲੀਡਰਸ਼ਿਪ ਨਾਲ ਜਿਲਾ ਪ੍ਰਧਾਨ ਬਲਵਿੰਦਰ ਜੱਸੀ ਜੀ ਦੀ ਪ੍ਰਧਾਨਗੀ ਹੇਠ ਹੋਈ ਹੰਗਾਮੀ ਮੀਟਿੰਗ ਵਿੱਚ ਟਾਰਗਟ ਪੂਰਾ ਕਰਨ ਦੀ ਬਸਪਾ ਪੰਜਾਬ ਦੀ ਅਪੀਲ ਕੀਤੀ ਇਸ ਮੋਕੇ ਤੇ ਸੂਬਾਈ ਜਨਰਲ ਸਕੱਤਰ ਬਲਵਿੰਦਰ ਬਿਟਾ ਜੀ ਜਿਲਾ ਇੰਚਾਰਜ ਜੀਤ ਰਾਮ ਬਸਰਾ ਜੀ ਦਿਹਾਤੀ ਇੰਚਾਰਜ ਪਰਗਣ ਬਿਲਗਾ ਜੀ ਜਿਲਾ ਉਪ ਪ੍ਰਧਾਨ ਰਾਜ ਕੁਮਾਰ ਜੀ ਤੇ ਇਲਾਵਾ ਹਲਕਿਆਂ ਦੇ ਪ੍ਰਧਾਨ ਇੰਚਾਰਜ ਤੇ ਜਿਮੇਵਾਰ ਸਾਥੀ ਹਾਜਰ ਹੋਏ ਪ੍ਰਵੀਨ ਬੰਗਾ ਸੂਬਾਈ ਜਨਰਲ ਸਕੱਤਰ ( ਜੋਨ ਇੰਚਾਰਜ ਲੁਧਿਆਣਾ)

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 03 ਨਵੰਬਰ
INTERNATIONAL PAPER, 94636 01616
hardipchumber57@gmail.com

